


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Saturday 18 April, 2026 | website: www.cee7news.com

## ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਵਿਚੋਂ ਗਾਰ ਕੱਢਣ ਦੀ ਇਜਾਜ਼ਤ



ਪੰਜਾਬ ਕੈਬਨਿਟ ਨੇ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਵਿਚੋਂ ਗਾਰ ਕੱਢਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਫੈਸਲਾ ਅੱਜ ਚੰਡੀਗੜ੍ਹ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿਚ ਲਿਆ ਗਿਆ। ਸਤਲੁਜ ਅਤੇ ਘੱਗਰ ਦਰਿਆ ਦੇ ਨਾਲ ਲੱਗਦੀਆਂ ਜ਼ਮੀਨਾਂ ਦੇ ਮਾਲਕ ਕਿਸਾਨ ਹੁਣ ਆਪਣੀ ਖੁਦ ਦੀ ਜ਼ਮੀਨ ਤੋਂ ਗਾਰ (ਡੀਸਿਲਟਿੰਗ) ਕੱਢ ਸਕਣਗੇ। ਇਸ ਲਈ ਪੰਜਾਬ ਸਰਕਾਰ ਨੇ 9 ਸੰਵੇਦਨਸ਼ੀਲ ਡੀਸਿਲਟਿੰਗ ਸਾਈਟਾਂ ਚੁਣੀਆਂ ਹਨ। ਇਨ੍ਹਾਂ ਥਾਵਾਂ ਤੋਂ ਕਿਸਾਨ ਆਪਣੀ ਲਾਗਤ ਤੇ ਗਾਰ ਹਟਾ ਸਕਣਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਪਿਛਲੇ ਸਾਲ ਆਏ ਹੜ੍ਹਾਂ ਵਿਚ ਕਿਸਾਨਾਂ ਦੇ ਖੇਤਾਂ ਵਿਚ ਰੇਤ ਚੜ੍ਹ ਗਈ ਸੀ। ਉਸ ਵੇਲੇ ਸਰਕਾਰ ਨੇ 'ਜਿਸ ਦਾ ਖੇਤ, ਉਸ ਦੀ ਰੇਤ' ਸਕੀਮ ਚਲਾਈ ਸੀ। ਹੁਣ ਇਸ ਨੂੰ ਵਧਾਉਂਦਿਆਂ ਸਤਲੁਜ ਅਤੇ ਘੱਗਰ ਦਰਿਆ ਦੇ ਕਿਨਾਰਿਆਂ ਤੋਂ 9 ਖਾਸ ਇਲਾਕਿਆਂ ਦੀ ਸ਼ਨਾਖਤ ਕੀਤੀ ਗਈ ਹੈ। ਇਨ੍ਹਾਂ ਇਲਾਕਿਆਂ ਵਿਚ ਸ਼ਾਮਲ ਹਨ ਹਰਸ਼ਾ ਬੇਲਾ, ਮੰਡਲਾ ਤਾਜੋਵਾਲ, ਰੁਕਨੇਵਾਲਾ, ਖੇਰਾ ਬੇਟ, ਬੁਰਜ ਚਹਿਲਾਂ ਅਤੇ ਕਰਾਲੀ ਆਦਿ। ਇਥੋਂ ਕਿਸਾਨ ਪ੍ਰਵਾਨਗੀ ਲੈ ਕੇ ਆਪਣੀ ਜ਼ਮੀਨ ਵਿਚੋਂ ਗਾਰ ਕੱਢ ਸਕਣਗੇ।

ਇਸ ਫੈਸਲੇ ਦਾ ਮੁੱਖ ਉਦੇਸ਼ ਹੜ੍ਹਾਂ ਤੋਂ ਬਚਾਅ ਅਤੇ ਅਗਾਊਂ ਪ੍ਰਬੰਧਨ ਕਰਨਾ ਹੈ। ਗਾਰ ਕੱਢਣ ਨਾਲ ਦਰਿਆਵਾਂ ਦੀ ਧਾਰਾ ਸਾਫ਼ ਹੋਵੇਗੀ ਅਤੇ ਭਵਿੱਖ ਵਿਚ ਹੜ੍ਹਾਂ ਦਾ ਖਤਰਾ ਘੱਟ ਹੋ ਸਕੇਗਾ। ਕੈਬਨਿਟ ਫੈਸਲੇ ਅਨੁਸਾਰ ਕਿਸਾਨ ਆਪਣੀ ਜ਼ਮੀਨ ਤੋਂ ਕੱਢੀ ਗਈ ਰੇਤ ਜਾਂ ਮਿੱਟੀ ਨੂੰ ਆਪਣੀ ਲੋੜ ਮੁਤਾਬਕ ਮੁਫ਼ਤ ਵਰਤ ਸਕਣਗੇ। ਇਸ ਲਈ ਕੋਈ ਫੀਸ ਜਾਂ ਰਾਇਲਟੀ ਨਹੀਂ ਦੇਣੀ ਪਵੇਗੀ। ਇਹ ਇਜਾਜ਼ਤ 30 ਜੂਨ 2026 ਤੱਕ ਸਮਾਂਬੱਧ ਹੈ। ਇਸ ਤੋਂ ਬਾਅਦ ਨਵੀਂ ਮਿਆਦ ਲਈ ਫੈਸਲਾ ਲਿਆ ਜਾ ਸਕਦਾ ਹੈ।



ਪੰਜਾਬ ਦੇ ਕਿਸਾਨਾਂ ਲਈ ਇੱਕ ਵੱਡੀ ਖੁਸ਼ਖਬਰੀ ਆਈ ਹੈ।

## ਕੇਂਦਰ ਸਰਕਾਰ ਵੱਲੋਂ ਪੰਜਾਬ ਲਈ ਖ਼ਰੀਦ ਮਾਪਦੰਡਾਂ ਵਿੱਚ ਢਿੱਲ

ਇਸ ਲਈ ਛੋਟ ਦੀ ਮੰਗ ਬਹੁਤ ਜ਼ਰੂਰੀ ਸੀ। ਪੰਜਾਬ ਦੇ ਕਿਸਾਨਾਂ ਲਈ ਇੱਕ ਵੱਡੀ ਖੁਸ਼ਖਬਰੀ ਆਈ ਹੈ। ਕੇਂਦਰ ਸਰਕਾਰ ਨੇ ਆਖ਼ਰਕਾਰ ਪੰਜਾਬ ਵਿੱਚ ਕਣਕ ਦੀ ਫ਼ਸਲ ਖ਼ਰੀਦ ਲਈ ਮਾਪਦੰਡਾਂ ਵਿੱਚ ਢਿੱਲ ਦੇਣ ਦਾ ਐਲਾਨ ਕਰ ਦਿੱਤਾ ਹੈ। ਕੇਂਦਰੀ ਖੁਰਾਕ ਮੰਤਰਾਲੇ ਵੱਲੋਂ ਅੱਜ ਜਾਰੀ ਕੀਤੇ ਗਏ ਪੱਤਰ ਵਿਚ ਇਸ ਫੈਸਲੇ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ 9 ਅਪ੍ਰੈਲ ਨੂੰ ਕੇਂਦਰ ਨੂੰ ਚਿੱਠੀ ਲਿਖ ਕੇ ਖ਼ਰੀਦ ਮਾਪਦੰਡਾਂ ਵਿੱਚ ਛੋਟ ਮੰਗੀ ਸੀ। ਗੁਆਂਢੀ ਸੂਬਿਆਂ ਰਾਜਸਥਾਨ ਅਤੇ ਹਰਿਆਣਾ ਨੂੰ ਪਹਿਲਾਂ ਹੀ ਇਸ ਤਰ੍ਹਾਂ ਦੀ ਰਾਹਤ ਮਿਲ ਚੁੱਕੀ ਸੀ। ਹੁਣ ਪੰਜਾਬ ਅਤੇ ਚੰਡੀਗੜ੍ਹ ਯੂਟੀ ਲਈ ਵੀ ਇਹ ਢਿੱਲ ਲਾਗੂ ਕਰ ਦਿੱਤੀ ਗਈ ਹੈ।

ਇਸ ਫੈਸਲੇ ਤੋਂ ਬਾਅਦ ਪੰਜਾਬ ਦੇ ਖ਼ਰੀਦ ਕੇਂਦਰਾਂ ਵਿਚ ਫ਼ਸਲ ਖ਼ਰੀਦ ਦੀ ਰਫ਼ਤਾਰ ਵਧਣ ਦੀ ਉਮੀਦ ਹੈ। ਇਸ ਵੇਲੇ ਸੂਬੇ ਵਿਚ ਕਣਕ ਦੀ ਆਮਦ ਤੇਜ਼ ਹੋ ਗਈ ਹੈ ਪਰ ਸਖ਼ਤ ਮਾਪਦੰਡਾਂ ਕਾਰਨ ਖ਼ਰੀਦ ਏਜੰਸੀਆਂ ਫ਼ਸਲ ਖ਼ਰੀਦਣ ਤੋਂ ਝਿਜਕ ਰਹੀਆਂ ਸਨ। ਕੇਂਦਰੀ ਟੀਮਾਂ ਵੱਲੋਂ ਪੰਜਾਬ ਦੇ 22 ਜ਼ਿਲ੍ਹਿਆਂ ਤੋਂ 291 ਨਮੂਨੇ ਇਕੱਤਰ ਕੀਤੇ ਗਏ ਸਨ। ਇਨ੍ਹਾਂ ਨਮੂਨਿਆਂ ਦੀ ਟੈਸਟਿੰਗ ਤੋਂ ਬਾਅਦ ਭਾਰਤੀ ਖੁਰਾਕ ਨਿਗਮ (ਐਫਸੀਆਈ) ਨੇ ਕੇਂਦਰੀ ਖੁਰਾਕ ਮੰਤਰਾਲੇ ਨੂੰ ਛੋਟ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਇਸ ਸਿਫ਼ਾਰਸ਼ ਤੋਂ ਬਾਅਦ ਕੇਂਦਰ ਸਰਕਾਰ ਨੇ ਤੁਰੰਤ ਐਕਸ਼ਨ ਲਿਆ ਅਤੇ ਢਿੱਲ ਮਨਜ਼ੂਰ ਕਰ ਲਈ।

ਨਵੀਆਂ ਛੋਟਾਂ ਅਨੁਸਾਰ ਹੁਣ ਪੰਜਾਬ ਵਿਚ 70 ਫੀਸਦੀ ਤੱਕ ਬਦਰੰਗ (ਲਸਟਰ ਲੌਸ ਵਾਲੀ) ਫ਼ਸਲ ਵੀ ਖ਼ਰੀਦੀ ਜਾ ਸਕੇਗੀ। ਸੁੰਗੜੇ ਦਾਣਿਆਂ ਅਤੇ ਟੁੱਟੇ ਦਾਣਿਆਂ ਦੀ ਮਾਤਰਾ ਨੂੰ 15 ਫੀਸਦੀ ਤੱਕ ਵਧਾ ਦਿੱਤਾ ਗਿਆ ਹੈ। ਨੁਕਸਾਨੀਆਂ ਗਰਾਈਨਾਂ ਦੀ ਮਿਕਦਾਰ ਵੀ 6 ਫੀਸਦੀ ਤੱਕ ਵਧਾਈ ਗਈ ਹੈ। ਇਸ ਤੋਂ ਪਹਿਲਾਂ ਇਹ ਸੀਮਾਵਾਂ ਬਹੁਤ ਸਖ਼ਤ ਸਨ ਜਿਸ ਕਾਰਨ ਬਹੁਤ ਸਾਰੀ ਫ਼ਸਲ ਰਿਜੈਕਟ ਹੋ ਰਹੀ ਸੀ। ਮੀਂਹ ਅਤੇ ਗੜ੍ਹੇਮਾਰੀ ਕਾਰਨ ਸੂਬੇ ਵਿਚ ਲਗਭਗ 1.30 ਲੱਖ ਏਕੜ ਕਣਕ ਦੀ ਫ਼ਸਲ ਨੂੰ ਨੁਕਸਾਨ ਪਹੁੰਚਿਆ ਹੈ।

## ਕਿਸਾਨਾਂ ਲਈ ਵੱਡੀ ਰਾਹਤ

ਕੇਂਦਰੀ ਖੁਰਾਕ ਮੰਤਰਾਲੇ ਨੇ ਸਾਫ਼ ਕਿਹਾ ਹੈ ਕਿ ਨਵੀਆਂ ਛੋਟਾਂ ਤਹਿਤ ਖ਼ਰੀਦੀ ਗਈ ਫ਼ਸਲ ਨੂੰ ਵੱਖਰੇ ਤੌਰ ਤੇ ਭੰਡਾਰ ਕੀਤਾ ਜਾਵੇਗਾ। ਪੰਜਾਬ ਵਿਚ ਕਣਕ ਖ਼ਰੀਦ ਦਾ ਮੌਸਮ ਚੱਲ ਰਿਹਾ ਹੈ ਅਤੇ ਕਿਸਾਨ ਆਪਣੀ ਫ਼ਸਲ ਲੈ ਕੇ ਮੰਡੀਆਂ ਵਿਚ ਪਹੁੰਚ ਰਹੇ ਹਨ। ਪਰ ਪਹਿਲਾਂ ਵਾਲੇ ਸਖ਼ਤ ਨਿਯਮਾਂ ਕਾਰਨ ਖ਼ਰੀਦ ਵਿਚ ਰੁਕਾਵਟ ਆ ਰਹੀ ਸੀ। ਬਹੁਤ ਸਾਰੇ ਕਿਸਾਨ ਚਿੰਤਤ ਸਨ ਕਿ ਉਨ੍ਹਾਂ ਦੀ ਫ਼ਸਲ ਰਿਜੈਕਟ ਨਾ ਹੋ ਜਾਵੇ। ਹੁਣ ਇਸ ਢਿੱਲ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੀ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਉਨ੍ਹਾਂ ਦੀ ਮਿਹਨਤ ਦੀ ਫ਼ਸਲ ਚੰਗੀ ਕੀਮਤ ਤੇ ਵਿਕ ਜਾਵੇਗੀ।

ਇਹ ਫੈਸਲਾ ਪੰਜਾਬ ਦੇ ਕਿਸਾਨਾਂ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਸਾਲ ਮੌਸਮੀ ਹਾਲਾਤ ਕਾਰਨ ਫ਼ਸਲ ਨੂੰ ਨੁਕਸਾਨ ਹੋਇਆ ਸੀ। ਕਿਸਾਨ ਭਾਈਚਾਰਾ ਲੰਬੇ ਸਮੇਂ ਤੋਂ ਇਸ ਤਰ੍ਹਾਂ ਦੀ ਛੋਟ ਦੀ ਮੰਗ ਕਰ ਰਿਹਾ ਸੀ। ਪੰਜਾਬ ਸਰਕਾਰ ਵੀ ਇਸ ਮੁੱਦੇ ਤੇ ਲਗਾਤਾਰ ਕੇਂਦਰ ਨਾਲ ਗੱਲਬਾਤ ਕਰ ਰਹੀ ਸੀ। ਇਸ ਫੈਸਲੇ ਨਾਲ ਨਾ ਸਿਰਫ਼ ਕਿਸਾਨਾਂ ਬਲਕਿ ਪੂਰੇ ਸੂਬੇ ਦੀ ਖੇਤੀ ਆਰਥਿਕਤਾ ਨੂੰ ਵੀ ਫਾਇਦਾ ਹੋਵੇਗਾ।

ਖ਼ਰੀਦ ਏਜੰਸੀਆਂ ਹੁਣ ਤੇਜ਼ੀ ਨਾਲ ਕੰਮ ਕਰ ਸਕਣਗੀਆਂ ਅਤੇ ਫ਼ਸਲ ਦੀ ਖ਼ਰੀਦ ਵਿਚ ਵਾਧਾ ਹੋਵੇਗਾ। ਇਸ ਨਾਲ ਕਿਸਾਨਾਂ ਨੂੰ ਤੁਰੰਤ ਆਪਣੀ ਫ਼ਸਲ ਵੇਚਣ ਅਤੇ ਪੈਸਾ ਪ੍ਰਾਪਤ ਕਰਨ ਵਿਚ ਆਸਾਨੀ ਹੋਵੇਗੀ। ਪੰਜਾਬ ਵਿਚ ਖੇਤੀ ਆਰਥਿਕਤਾ ਦਾ ਬਹੁਤ ਵੱਡਾ ਹਿੱਸਾ ਹੈ ਅਤੇ ਇਸ ਤਰ੍ਹਾਂ ਦੇ ਫੈਸਲੇ ਕਿਸਾਨਾਂ ਦਾ ਮਨੋਬਲ ਵਧਾਉਂਦੇ ਹਨ।

ਇਸ ਤੋਂ ਇਲਾਵਾ ਇਸ ਫੈਸਲੇ ਨਾਲ ਰਾਜਨੀਤਿਕ ਤੌਰ ਤੇ ਵੀ ਪੰਜਾਬ ਸਰਕਾਰ ਨੂੰ ਲਾਭ ਹੋਵੇਗਾ ਕਿਉਂਕਿ ਉਸ ਨੇ ਕਿਸਾਨਾਂ ਦੀ ਮੰਗ ਨੂੰ ਕੇਂਦਰ ਤੱਕ ਪਹੁੰਚਾਇਆ ਸੀ ਅਤੇ ਉਸ ਨੂੰ ਮਨਜ਼ੂਰੀ ਮਿਲ ਗਈ ਹੈ। ਕਿਸਾਨ ਆਗੂ ਵੀ ਇਸ ਫੈਸਲੇ ਦਾ ਸਵਾਗਤ ਕਰ ਰਹੇ ਹਨ ਅਤੇ ਉਨ੍ਹਾਂ ਨੇ ਇਸ ਨੂੰ ਕਿਸਾਨ ਹਿਤੈਸ਼ੀ ਫੈਸਲਾ ਦੱਸਿਆ ਹੈ।

ਸਮੁੱਚੇ ਤੌਰ ਤੇ ਇਹ ਫੈਸਲਾ ਪੰਜਾਬ ਲਈ ਰਾਹਤ ਵਾਲਾ ਹੈ ਅਤੇ ਇਸ ਨਾਲ ਖੇਤੀ ਖੇਤਰ ਵਿਚ ਚੱਲ ਰਹੀਆਂ ਮੁਸ਼ਕਲਾਂ ਘੱਟ ਹੋਣਗੀਆਂ। ਕਿਸਾਨ ਭਰਾ ਇਸ ਫੈਸਲੇ ਤੋਂ ਖੁਸ਼ ਹਨ ਅਤੇ ਉਮੀਦ ਕਰਦੇ ਹਨ ਕਿ ਭਵਿੱਖ ਵਿਚ ਵੀ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ।

**Cee7News** ਈਡੀ ਦੀਆਂ ਟੀਮਾਂ ਨੇ ਮੰਤਰੀ ਦੀ ਰਿਹਾਇਸ਼, ਸਰਕਾਰੀ ਦਫ਼ਤਰਾਂ ਅਤੇ ਉਨ੍ਹਾਂ ਨਾਲ ਜੁੜੇ ਵੱਖ-ਵੱਖ ਟਿਕਾਣਿਆਂ 'ਤੇ ਇੱਕੋ ਵੇਲੇ ਦਸਤਕ ਦਿੱਤੀ

## ਲੁਧਿਆਣਾ ਵਿੱਚ 'ਆਪ' ਮੰਤਰੀ ਸੰਜੀਵ ਅਰੋੜਾ ਦੇ ਘਰ ਈਡੀ ਨੇ ਦਿੱਤੀ ਦਸਤਕ

ਪੰਜਾਬ ਵਿਚ ਵੱਡੀ ਖ਼ਬਰ ਆਈ ਹੈ। ਲੁਧਿਆਣਾ ਵਿਚ ਆਮ ਆਦਮੀ ਪਾਰਟੀ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਟਿਕਾਣਿਆਂ 'ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਛਾਪੇਮਾਰੀ ਸ਼ੁਰੂ ਹੋ ਗਈ ਹੈ। ਇਹ ਘਟਨਾ ਸ਼ੁੱਕਰਵਾਰ ਸਵੇਰੇ ਲਗਭਗ 6:30 ਵਜੇ ਵਾਪਰੀ। ਈਡੀ ਦੀਆਂ ਟੀਮਾਂ ਨੇ ਮੰਤਰੀ ਦੀ ਰਿਹਾਇਸ਼, ਸਰਕਾਰੀ ਦਫ਼ਤਰਾਂ ਅਤੇ ਉਨ੍ਹਾਂ ਨਾਲ ਜੁੜੇ ਵੱਖ-ਵੱਖ ਟਿਕਾਣਿਆਂ 'ਤੇ ਇੱਕੋ ਵੇਲੇ ਦਸਤਕ ਦਿੱਤੀ। ਛਾਪੇਮਾਰੀ ਲੁਧਿਆਣਾ ਤੋਂ ਇਲਾਵਾ ਚੰਡੀਗੜ੍ਹ, ਦਿੱਲੀ ਅਤੇ ਹੋਰ ਥਾਵਾਂ 'ਤੇ ਵੀ ਹੋ ਰਹੀ ਹੈ।

ਸੰਜੀਵ ਅਰੋੜਾ ਇਸ ਵੇਲੇ ਯੂਰਪ ਵਿਚ ਹਨ। ਉਹ ਪੰਜਾਬ ਸਰਕਾਰ ਦੀ 'ਇਨਵੈਸਟ ਪੰਜਾਬ' ਮੁਹਿੰਮ ਤਹਿਤ ਵਿਦੇਸ਼ੀ ਨਿਵੇਸ਼ ਲਿਆਉਣ ਲਈ ਯਾਤਰਾ ਕਰ ਰਹੇ ਸਨ। ਉਨ੍ਹਾਂ ਦੀ ਫਲਾਈਟ ਯੂਰਪ ਵੱਲ ਜਾ ਰਹੀ ਸੀ ਜਦੋਂ ਛਾਪੇਮਾਰੀ ਸ਼ੁਰੂ ਹੋਈ। ਮੰਤਰੀ ਨਾਲ ਜੁੜੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿਚ ਉਨ੍ਹਾਂ ਦੀ ਬੇਟੀ ਅਤੇ ਬੇਟਾ ਕਵਿਆ ਅਰੋੜਾ ਵੀ ਸ਼ਾਮਲ ਹਨ। ਈਡੀ ਟੀਮਾਂ ਨੇ ਉਨ੍ਹਾਂ ਦੀਆਂ ਜਾਇਦਾਦਾਂ, ਬਿਜ਼ਨਸ ਪਾਰਟਨਰਾਂ ਅਤੇ ਉਦਯੋਗਿਕ ਲੈਣ-ਦੇਣ ਨਾਲ ਸਬੰਧਤ ਥਾਵਾਂ ਦੀ ਤਲਾਸ਼ੀ ਲਈ। ਇਸ ਵਿਚ ਲੁਧਿਆਣਾ ਦੇ ਬਿਜ਼ਨਸਮੈਨ ਹੇਮੰਤ ਸੂਦ ਅਤੇ ਜਲੰਧਰ ਦੇ ਚੰਦਰਸ਼ੇਖਰ ਅਗਰਵਾਲ ਵਰਗੇ ਲੋਕਾਂ ਨਾਲ ਜੁੜੀਆਂ ਥਾਵਾਂ ਵੀ ਸ਼ਾਮਲ ਹਨ।

ਜਾਣਕਾਰੀ ਅਨੁਸਾਰ ਈਡੀ ਵੱਲੋਂ ਇਹ ਕਾਰਵਾਈ ਵਿੱਤੀ ਲੈਣ-ਦੇਣ ਅਤੇ ਜ਼ਮੀਨੀ ਸੌਦਿਆਂ ਵਿਚ ਕਥਿਤ ਬੇਨਿਯਮੀਆਂ ਨਾਲ ਜੁੜੇ ਪੁਰਾਣੇ ਮਾਮਲਿਆਂ ਦੀ ਜਾਂਚ ਤਹਿਤ ਕੀਤੀ ਜਾ ਰਹੀ ਹੈ। ਇਸ ਵਿਚ ਉਦਯੋਗਿਕ ਜ਼ਮੀਨ ਨੂੰ ਰਿਹਾਇਸ਼ੀ ਪ੍ਰੋਜੈਕਟ ਵਿਚ ਤਬਦੀਲ ਕਰਨ ਦੇ ਗੰਭੀਰ ਦੋਸ਼ ਵੀ ਸ਼ਾਮਲ ਹਨ। ਅਕਤੂਬਰ 2024 ਵਿਚ ਵੀ ਸੰਜੀਵ ਅਰੋੜਾ ਇਸ ਤਰ੍ਹਾਂ ਦੀ ਜਾਂਚ ਦੇ ਨਿਸ਼ਾਨੇ 'ਤੇ ਆ ਚੁੱਕੇ ਸਨ। ਈਡੀ ਟੀਮਾਂ ਨੇ ਵਿੱਤੀ ਰਿਕਾਰਡ, ਜਾਇਦਾਦਾਂ ਦੇ ਦਸਤਾਵੇਜ਼ ਅਤੇ ਹੋਰ ਸਬੂਤ ਇਕੱਤਰ ਕਰਨ ਦਾ ਕੰਮ ਸ਼ੁਰੂ ਕੀਤਾ ਹੈ। ਤਲਾਸ਼ੀ ਦੌਰਾਨ ਸੁਰੱਖਿਆ ਲਈ ਕੇਂਦਰੀ ਹਥਿਆਰਬੰਦ ਪੁਲੀਸ ਬਲ (ਸੀਏਪੀਐਫ) ਨੂੰ ਤਾਇਨਾਤ ਕੀਤਾ ਗਿਆ ਸੀ।

ਇਸ ਘਟਨਾ ਨੇ ਰਾਜਨੀਤਿਕ ਗਰਮਾਗਰਮੀ ਵਧਾ ਦਿੱਤੀ ਹੈ। ਆਮ ਆਦਮੀ ਪਾਰਟੀ ਨੇ ਇਸ ਨੂੰ ਰਾਜਨੀਤਿਕ ਬਦਲੇ ਦੀ ਕਾਰਵਾਈ ਦੱਸਿਆ ਹੈ। ਆਪ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਆਪ ਆਗੂਆਂ ਉੱਤੇ ਛਾਪੇ ਮਾਰੇ ਜਾ ਰਹੇ ਹਨ। ਇਸ ਤੋਂ ਪਹਿਲਾਂ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਟਿਕਾਣਿਆਂ 'ਤੇ ਵੀ ਛਾਪੇਮਾਰੀ ਹੋਈ ਸੀ। ਆਪ ਨੇ ਇਸ ਨੂੰ ਭਾਜਪਾ ਵੱਲੋਂ ਰਾਜ ਵਿਚ ਅਸਥਿਰਤਾ ਪੈਦਾ ਕਰਨ ਦੀ ਸਾਜ਼ਿਸ਼ ਆਖਿਆ ਹੈ। ਦੂਜੇ ਪਾਸੇ ਈਡੀ ਨੇ ਅਜੇ ਤੱਕ ਇਸ ਬਾਰੇ ਕੋਈ ਅਧਿਕਾਰਤ ਬਿਆਨ ਨਹੀਂ ਜਾਰੀ ਕੀਤਾ।ਸੰਜੀਵ ਅਰੋੜਾ ਪੰਜਾਬ ਸਰਕਾਰ ਵਿਚ ਉਦਯੋਗ ਮੰਤਰੀ ਹਨ ਅਤੇ ਆਪ ਦੇ ਸੀਨੀਅਰ ਆਗੂ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਰਾਜ ਸਭਾ ਮੈਂਬਰ ਵਜੋਂ ਵੀ ਸੇਵਾ ਨਿਭਾਈ ਹੈ। ਉਨ੍ਹਾਂ ਦੀ ਯੂਰਪ ਯਾਤਰਾ ਸੂਬੇ ਵਿਚ ਨਿਵੇਸ਼ ਲਿਆਉਣ ਲਈ ਮਹੱਤਵਪੂਰਨ ਮੰਨੀ ਜਾ ਰਹੀ ਸੀ। ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਇਸੇ ਮੁਹਿੰਮ ਤਹਿਤ ਵਿਦੇਸ਼ ਯਾਤਰਾ ਕਰਨ ਵਾਲੇ ਹਨ। ਇਸ ਘਟਨਾ ਨਾਲ ਰਾਜ ਵਿਚ ਰਾਜਨੀਤਿਕ ਮਾਹੌਲ ਤੇ ਅਸਰ ਪਿਆ ਹੈ। ਲੋਕ ਇਸ ਨੂੰ ਰਾਜਨੀਤਿਕ ਟੀਚਾਧਾਰੀ ਵਜੋਂ ਵੇਖ ਰਹੇ ਹਨ।ਈਡੀ ਵੱਲੋਂ ਛਾਪੇਮਾਰੀ ਦੌਰਾਨ ਕਈ ਥਾਵਾਂ ਤੋਂ ਦਸਤਾਵੇਜ਼ ਅਤੇ ਡਿਜੀਟਲ ਡਾਟਾ ਲਿਆ ਗਿਆ ਹੈ। ਜਾਂਚ ਟੀਮਾਂ ਨੇ ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ (ਐੱਫਈਐੱਮਏ) ਅਤੇ ਮਨੀ ਲਾਂਡਰਿੰਗ ਨਾਲ ਜੁੜੀਆਂ ਧਾਰਾਵਾਂ ਤਹਿਤ ਕੰਮ ਕੀਤਾ ਹੈ। ਮੰਤਰੀ ਦੇ ਬਿਜ਼ਨਸ ਪਾਰਟਨਰਾਂ ਨਾਲ ਜੁੜੀਆਂ ਕੰਪਨੀਆਂ ਵੀ ਜਾਂਚ ਦੇ ਘੇਰੇ ਵਿਚ ਹਨ। ਇਸ ਵਿਚ ਹੈਂਪਟਨ ਸਕਾਈ ਰਿਐਲਟੀ ਲਿਮਟਿਡ ਵਰਗੀਆਂ ਕੰਪਨੀਆਂ ਦਾ ਨਾਂ ਵੀ ਆ ਰਿਹਾ ਹੈ। ਪੰਜਾਬ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਆਪ ਸਰਕਾਰ ਵੱਲੋਂ ਇਸ ਨੂੰ ਕੇਂਦਰ ਵੱਲੋਂ ਰਾਜ ਵਿਚ ਦਖ਼ਲਅੰਦਾਜ਼ੀ ਦੱਸਿਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਵਿਕਾਸ ਕੰਮਾਂ ਤੋਂ ਧਿਆਨ ਭਟਕਾਉਣ ਲਈ ਇਸ ਤਰ੍ਹਾਂ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਵਿਰੋਧੀ ਧਿਰਾਂ ਇਸ ਨੂੰ ਭ੍ਰਿਸ਼ਟਾਚਾਰ ਵਿਰੋਧੀ ਕਾਰਵਾਈ ਵਜੋਂ ਵੇਖ ਰਹੀਆਂ ਹਨ।ਇਸ ਨਾਲ ਰਾਜ ਵਿਚ ਚਰਚਾ ਛਿੜ ਗਈ ਹੈ ਕਿ ਆਗਾਮੀ ਸਮੇਂ ਵਿਚ ਰਾਜਨੀਤੀ ਕਿਸ ਰਾਹ ਤੁਰੇਗੀ।



ਛਾਪੇਮਾਰੀ ਇਸ ਵੇਲੇ ਵੀ ਜਾਰੀ ਹੈ ਅਤੇ ਈਡੀ ਟੀਮਾਂ ਵਧੇਰੇ ਸਬੂਤ ਇਕੱਤਰ ਕਰ ਰਹੀਆਂ ਹਨ। ਜੇਕਰ ਕੋਈ ਵੱਡੀ ਖ਼ਬਰ ਆਈ ਤਾਂ ਉਸ ਨਾਲ ਜੁੜੀ ਜਾਣਕਾਰੀ ਲੋਕਾਂ ਤੱਕ ਪਹੁੰਚਾਈ ਜਾਵੇਗੀ। ਇਸ ਘਟਨਾ ਨੇ ਪੂਰੇ ਪੰਜਾਬ ਵਿਚ ਸਿਆਸੀ ਹਲਚਲ ਪੈਦਾ ਕਰ ਦਿੱਤੀ ਹੈ। ਲੋਕ ਇਸ ਬਾਰੇ ਵੱਖ-ਵੱਖ ਰਾਏ ਰੱਖ ਰਹੇ ਹਨ। ਕੁਝ ਲੋਕ ਇਸ ਨੂੰ ਨਿਆਂ ਦੀ ਜਿੱਤ ਆਖ ਰਹੇ ਹਨ ਤਾਂ ਕੁਝ ਇਸ ਨੂੰ ਰਾਜਨੀਤਿਕ ਚਾਲ ਵਜੋਂ ਵੇਖ ਰਹੇ ਹਨ।

ਪੰਜਾਬ ਦੀ ਰਾਜਨੀਤੀ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਨਵੀਆਂ ਨਹੀਂ ਹਨ ਪਰ ਇਸ ਵਾਰ ਇੱਕ ਕੈਬਨਿਟ ਮੰਤਰੀ ਨਾਲ ਜੁੜੀ ਹੋਣ ਕਰਕੇ ਇਸ ਦਾ ਅਸਰ ਵੱਧ ਹੈ। ਸੰਜੀਵ ਅਰੋੜਾ ਵੱਲੋਂ ਯੂਰਪ ਤੋਂ ਆਉਣ ਤੋਂ ਬਾਅਦ ਉਨ੍ਹਾਂ ਦਾ ਬਿਆਨ ਆਉਣ ਦੀ ਉਮੀਦ ਹੈ। ਉਨ੍ਹਾਂ ਨੇ ਇਸ ਬਾਰੇ ਸੰਖੇਪ ਬਿਆਨ ਵਿਚ ਆਪਣੀ ਤਾਕਤ ਨਾਲ ਜਵਾਬ ਦੇਣ ਦੀ ਗੱਲ ਕੀਤੀ ਹੈ। ਇਸ ਨਾਲ ਆਪ ਪਾਰਟੀ ਵੀ ਇੱਕਜੁੱਟਤਾ ਨਾਲ ਖੜ੍ਹੀ ਹੋਈ ਹੈ। ਪੂਰੀ ਘਟਨਾ ਨੂੰ ਲੈ ਕੇ ਲੁਧਿਆਣਾ ਵਿਚ ਚਰਚਾ ਗਰਮ ਹੈ। ਲੋਕ ਟੀਵੀ ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਇਸ ਬਾਰੇ ਗੱਲਬਾਤ ਕਰ ਰਹੇ ਹਨ। ਇਹ ਖ਼ਬਰ ਪੰਜਾਬ ਤੋਂ ਇਲਾਵਾ ਦੇਸ਼ ਭਰ ਵਿਚ ਵੀ ਵੱਡੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਭਵਿੱਖ ਵਿਚ ਇਸ ਜਾਂਚ ਤੋਂ ਕੀ ਨਤੀਜਾ ਨਿਕਲਦਾ ਹੈ ਉਸ ਬਾਰੇ ਸਭ ਉਤਸੁਕ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਲੋਕਤੰਤਰ ਵਿਚ ਚਰਚਾ ਅਤੇ ਵਿਸ਼ਲੇਸ਼ਣ ਨੂੰ ਜਨਮ ਦਿੰਦੀਆਂ ਹਨ। ਪੰਜਾਬ ਵਾਸੀ ਇਸ ਮਾਮਲੇ ਦਾ ਨਿਰਪੱਖ ਅਤੇ ਨਿਆਂਪੂਰਣ ਤਰੀਕੇ ਨਾਲ ਹੱਲ ਹੋਣ ਦੀ ਉਮੀਦ ਰੱਖਦੇ ਹਨ।

## *ਵੈਸਾਖੀ * ( ਗੁਰਜੀਤ ਕੌਰ ਰਾਣੂ.)



ਹੁਣ ਨਾ ਵਿਸ਼ਾਖੀ ਦੀਆਂ ਰੌਣਕਾਂ ਰਹੀਆਂ,
ਸੋਨੇ ਰੰਗੀਆਂ ਫਸਲਾਂ ਢਹਿ ਢੇਰੀ ਪਈਆਂ,

ਕਿੱਧਰੇ ਉਡ ਪੱਡ ਗਏ ਚਾਅ ਤੇ ਹਾਸੇ,
ਮੁੱਖ ਤੇ ਰਹਿ ਗਏ ਹੁਣ ਚੰਦਰੇ ਨਿਰਾਸੇ,

ਢੋਲ,ਮੇਲੇ, ਭੰਗੜੇ ਸਭ ਪਿੱਛੇ ਰਹਿ ਗਏ,
ਆਲੂਆਂ ਦੀ ਖੇਤੀ 'ਚ ਵੀ ਘਾਟੇ ਪੈ ਗਏ,

ਮੁੱਲ ਨਾ ਮਿਲੇ ਸਰਕਾਰਾਂ ਤੋਂ ਨਾ ਰੱਬ ਬਖਸ਼ਦਾ,
ਕੀ ਵੇਚੂ ਕੀ ਖਾਉ, ਇਹੀ ਡਰ ਵੱਡੀ ਰੱਖਦਾ,

ਇਹ ਵਿਸ਼ਾਖੀ ਰਹਿ ਗਈ ਹੁਣ ਵਿੱਚ ਸਟੇਟਸਾ,
ਖੇਤੀ ਨਾ ਕੋਈ ਕਰਦਾ ਗ਼ਬਰੂ ਤੁਰੇ ਪ੍ਰਦੇਸਾਂ,

ਹਾਰ ਕਿਸਾਨਾਂ ਕਈਆਂ ਨੇ ਫਾਹੇ ਲਾਏ,
ਰੋਂਦਾ ਛੱਡ ਗਏ ਟੱਬਰਾਂ ਦੁੱਖ ਝੋਲੀ ਪਾਏ,

ਰੇਹਾ ਸਪ੍ਰੇਹਾਂ ਮਹਿੰਗੀਆਂ ਫਿਰ ਵੀ ਸਹਿੰਦਾ,
ਰਾਣੂ ਡਾਹਦੇ ਦੁੱਖ ਵੇਖ ਵੀ ਰੱਬ ਦਾ ਭਾਣਾ ਕਹਿੰਦਾ.. ॥

ਗੁਰਜੀਤ ਕੌਰ ਰਾਣੂ.

## "ਕਾਵਿ ਵਿਅੰਗ /ਹਾਲਾਤ ਏ ਪੰਜਾਬ"



ਈ ਮੇਲਾਂ ਗੈਂਗਸਟਰ ਨਿਤ ਭੇਜਣ,
ਉਡਾਉਣੇ ਸਕੂਲ ਬੰਬਾਂ ਦੇ ਨਾਲ ਹੈ ਜੀ।
ਗੋਰਖਧੰਦਾ ਇਹ ਸਰਕਾਰ ਲਈ ਬਣਿਆਂ,
ਮੱਚਿਆ ਰਹਿੰਦਾ ਨਿਤ ਬਵਾਲ ਹੈ ਜੀ।
ਉੱਘ ਸੁੱਘ ਨਿਕਲੇ ਨਾ ਹੀ ਭੇਤ ਆਵੇ,
ਇੰਟੈਲੀਜੈਂਸੀ ਵੀ ਬਹੁਤ ਕਮਾਲ ਹੈ ਜੀ।
ਉਠਦੇ ਸੁਰੱਖਿਆ ਤੇ ਨਿਤ ਸਵਾਲ ਵੱਡੇ,
ਪਤਾ ਲੱਗੇ ਨਾ ਕੀਹਦੀ ਇਹ ਚਾਲ ਹੈ ਜੀ।
ਨਾ ਕਤਲ ਡਕੈਤੀਆਂ ਵੱਲੋ ਸੁੱਕਾ ਦਿਨ ਜਾਂਦਾ,
ਬੇਅਦਬੀਆਂ ਦਾ ਵੀ ਰਹੇ ਮਲਾਲ ਹੈ ਜੀ।
ਸੁਰੱਖਸ਼ਤ ਨਹੀਂ ਹੈ ਬੰਦਾ ਕੋਈ ਘਰ ਅੰਦਰ,
ਅਰਥ ਵਿਵਸਥਾ ਦਾ ਮੰਦੜਾ ਹਾਲ ਹੈ ਜੀ।
ਆਪੋਜੀਸ਼ਨ ਵਾਲੇ ਘੇਰਦੇ ਮਾਨ ਸਰਕਾਰ ਤਾਈਂ
ਇਹਦਾ ਦਿਓ ਖਾਂ ਮਾਨ ਸਾਹਿਬ ਜਵਾਬ ਕੋਈ।
ਸੁਪਨੇ ਰੰਗਲੇ ਪੰਜਾਬ ਦੇ ਹੁਣ ਹੋਏ ਸੁਪਨਾ,
ਦੋਹੱਥੜ ਮਾਰ ਕੇ ਜਨਤਾ ਸੱਭ ਜਾਏ ਰੋਈ।

ਜਸਵੀਰ ਸ਼ਰਮਾਂ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਸਵੇਰ ਸੁਨੇਹਾ



ਜਿਹੜਾ ਦੋਨੋਂ ਭਰਾਵਾਂ ਨੇ ਸਫੇਦਾ ਆਪਣੇ ਖੇਤ ਦੀ ਵੱਟ 'ਤੇ ਲਾਇਆ। ਜਿਹੜਾ ਬਾਪੂ ਦੀ ਮੌਤ ਤੋਂ ਬਾਅਦ ਵੰਡ ਤਕਸੀਮ ਹੋਣ ਕਾਰਨ ਸਾਂਝਾ ਬਣ ਗਇਆ।ਦਰੱਖਤ ਦੇ ਰੌਲ਼ੇ ਕਾਰਨ,ਭਰਾ ਹੱਥੋਂ ਭਾਈ ਦਾ ਕਤਲ ਹੋਇਆ।
ਲੜਾਈ ਲੱਕੜ ਨਾਲ ਸਬੰਧਤ ਕਿ ਘਰ ਵਿੱਚ ਕੋਠਾ ਛੱਤਣ ਤੋਂ ਸ਼ੁਰੂ ਹੋ ਕੇ ਸਮਸ਼ਾਨ ਘਾਟ ਤੱਕ ਲਾਸ਼ ਨੂੰ ਫੂਕਣ ਦੇ ਕੰਮ ਹੀ ਆਈ। ਇੱਕ ਭਰਾ ਜੇਲ੍ਹ ਵਿੱਚ ਲੱਕੜੀ ਦੇ ਬਾਲੇ ਗਿਣ ਰਿਹਾ ਹੈ। ਦੂਸਰਾ ਇਕੱਠਿਆਂ ਲਾਏ ਬੂਟੇ ਦੀ ਲੱਕੜੀ ਨਾਲ ਸੜ ਕੇ ਸੁਆਹ ਹੋ ਗਿਆ।
ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
81465 93089

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

## ਕਹਾਣੀ (ਟੀਚਰ ਦੀ ਕੁੱਟ) (ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।)



ਦਰਸ਼ਨ ਸਿੰਘ ਉਰਫ਼ ਦਰਸੂ ਤੇ ਪਰਮਜੀਤ ਸਿੰਘ ਉਰਫ਼ ਪੰਮੀ ਪਹਿਲੀ ਜਮਾਤ ਤੋ ਆਪਣੇ ਪਿੰਡ ਵਾਲੇ ਪ੍ਰਾਇਮਰੀ ਸਕੂਲ ਵਿੱਚ ਇਕੱਠੇ ਪੜਦੇ ਸਨ। ਉਹਨਾਂ ਦੀ ਆਪਸ ਵਿੱਚ ਗੂਹੜੀ ਦੋਸਤੀ ਪੈ ਗਈ ਸੀ। ਉਹ ਪਿੰਡ ਵਿੱਚ ਇਕ ਦੂਜੇ ਦੇ ਗੁਵਾਢੀ ਵੀ ਸਨ। ਜਿਸ ਕਰਕੇ ਉਹ ਖੇਡਦੇ ਵੀ ਇਕੱਠੇ ਸਨ। ਉਹ ਜਮਾਤ ਵਿੱਚ ਦੋਵੇਂ ਬਹੁਤ ਹੁਸ਼ਿਆਰ ਸਨ। ਉਹ ਦੋਵੇਂ ਸ਼ਰਾਰਤੀ ਵੀ ਬਹੁਤ ਸਨ।ਕਿਸੇ ਕਲਾਸ ਵਿੱਚ ਪੰਮੀ ਮੋਨੀਟਰ ਬਣ ਜਾਂਦਾ ਸੀ,ਕਿਸੇ ਕਲਾਸ ਵਿੱਚ ਦਰਸੂ ਮੋਨੀਟਰ ਬਣ ਜਾਂਦਾ ਸੀ। ਇਸ ਤਰ੍ਹਾਂ ਉਹ ਇਕੱਠੇ ਪੜਦੇ-ਪੜਦੇ ਪੰਜਵੀਂ ਵਿੱਚ ਹੋ ਗਏ ਸਨ।

ਸਕੂਲ ਦੇ ਨੇੜੇ ਹੀ ਇਕ ਦਰਮਿਆਨਾ ਜਿਹਾ ਛੱਪੜ ਸੀ। ਉਹਨਾਂ ਸਮਿਆਂ ਵਿੱਚ ਇਸ ਛੱਪੜ ਦਾ ਪਾਣੀ ਬਹੁਤ ਸਾਫ-ਸੁਥਰਾ ਹੁੰਦਾ ਸੀ। ਪਿੰਡ ਦੇ ਲੋਕ ਆਪਣੇ ਡੰਗਰਾਂ ਨੂੰ ਇਸੇ ਛੱਪੜ ਵਿੱਚੋਂ ਨਹਾਉਂਦੇ ਅਤੇ ਪਾਣੀ ਵੀ ਡਾਹਉਦੇ ਸਨ। ਗਰਮੀਆਂ ਵਿੱਚ ਪਿੰਡ ਦੇ ਤਾਰੂ ਮੁੰਡੇ ਇਸ ਛੱਪੜ ਵਿੱਚ ਨਹਾਉਦੇ,ਤਰਦੇ ਅਤੇ ਖਰਮਸਤੀਆਂ ਵੀ ਅਕਸਰ ਕਰਦੇ ਰਹਿੰਦੇ ਸਨ। ਜਿੰਨਾ ਨੂੰ ਤਰਨ ਦੀ ਘੱਟ ਜਾਚ ਹੁੰਦੀ ਸੀ ,ਉਹ ਡੰਗਰਾਂ ਦੀਆਂ ਪੂਛਾਂ ਫੜਕੇ ਤਰਦੇ ਅਤੇ ਤਰਨ ਦੀ ਜਾਚ ਸਿੱਖਦੇ ਰਹਿੰਦੇ ਸਨ।

ਅੱਜ ਅੱਧੀ ਛੁੱਟੀ ਵੇਲੇ ਗਰਮੀ ਬਹੁਤ ਸੀ। ਪਿੰਡ ਦੇ ਬਹੁਤ ਵੱਡੇ ਬੱਚੇ ਛੱਪੜ ਵਿੱਚ ਤਾਰੀਆਂ ਲਾ ਰਹੇ ਸਨ। ਉਹਨਾਂ ਨੂੰ ਵੇਖ ਕੇ ਦਰਸੂ ਅਤੇ ਪੰਮੀ ਵੀ ਛੱਪੜ ਵਿੱਚ ਨਹਾਉਣ ਲੱਗ ਪਏ ਸਨ। ਮਾਸਟਰ ਜੀ,ਦਰਸੂ ਅਤੇ ਪੰਮੀ ਛੱਪੜ ਵਿੱਚ ਨਹਾਉਣ ਵੜੇ ਹਨ,"ਉਹਨਾਂ ਦੇ ਜਮਾਤੀ ਮੁੰਡੇ ਮੰਗੇ ਨੇ ਉਹਨਾਂ ਨੂੰ ਕੁੱਟ ਪਵਾਉਣ ਦੇ ਇਰਾਦੇ ਨਾਲ ਸ਼ਿਕਾਇਤ ਲਾਉਂਦਿਆਂ ਆਖਿਆ।

ਉਏ ਸੂਰ ਦਿਉ ਪੁੱਤਰੋ,ਹੁਣੇ ਛੱਪੜ ਵਿੱਚੋਂ ਬਾਹਰ ਆਉ,ਤੁਹਾਡੀ ਗਰਮੀ ਮੈ ਕੱਢਦਾ ਹਾ। ਜੇਕਰ ਕੋਈ ਡੁੱਬ ਕੇ ਮਰ ਗਿਆ,ਮੈਨੂੰ ਲੈਣੇ ਦੇ ਦੇਣੇ ਪੈ ਜਾਣੇ ਹਨ। ਮੇਰੀ ਨੌਕਰੀ ਵੀ ਜਾਣੀ ਹੈ,ਉਤੋਂ ਜੇਲ੍ਹ ਵਿੱਚ ਸਰਕਾਰ ਸੁਟੇਗੀ,"ਮਾਸਟਰ ਨੇ ਹੱਥ ਵਿੱਚ ਤੂਤ ਦਾ ਡੰਡਾ ਘੁਮਾਉਦਿਆਂ ਅਤੇ ਦਬਕਾ ਮਾਰਦਿਆਂ ਆਖਿਆ। ਦੋਵੇਂ ਮੁੰਡੇ ਆਪਣੇ ਟੀਚਰ ਤੋ ਡਰਦੇ ਕੱਪੜੇ ਪਾ ਕੇ ਛੋਟੀ ਜਿਹੀ ਕੰਧ ਟੱਪ ਕੇ ਦੂਜੇ ਪਾਸਿਓ ਆਪਣੀ ਕਲਾਸ ਵਿੱਚ ਪਹੁੰਚ ਗਏ।

ਉਏ ਕੰਨ ਫੜ ਕੇ ਮੁਰਗੇ ਬਣ ਕੇ ਜਮਾਤ ਦੇ ਘੇਰੇ-ਘੇਰੇ ਪੰਜ ਗੇੜੇ ਲਾਉ। ਦੋਵੇਂ ਮੁੰਡੇ ਦੋ ਗੇੜੇ ਲਾ ਕੇ ਖੜ੍ਹੇ ਹੋ ਗਏ। ਮਾਸਟਰ ਜੀ ਕੰਨ ਫੜਕੇ ਹੋਰ ਨਹੀਂ ਤੁਰਿਆ ਜਾਂਦਾ,ਸਾਥੋਂ ਗਲਤੀ ਹੋ ਗਈ ਹੈ,ਸਾਨੂੰ ਮੁਆਫ ਕਰ ਦਿਉ,"ਦੋਵੇਂ ਮੁੰਡੇ ਰੋਂਦੇ ਤੇ ਤਰਲੇ ਮਾਰਦੇ ਬੋਲੇ। ਉਏ ਬੱਚੂ,ਮੇਰੀ ਇਕੱਲੀ ਤੁਹਾਨੂੰ ਪੜਾਉਣ ਦੀ ਜਿੰਮੇਵਾਰ ਨਹੀਂ ਹੈ,ਤੁਹਾਨੂੰ ਸੰਭਾਲਣ ਅਤੇ ਤੁਹਾਡੀ ਰੱਖਿਆ ਕਰਨ ਦੀ ਵੀ ਜਿੰਮੇਵਾਰੀ ਹੈ। ਅੱਜ ਤੁਹਾਨੂੰ ਤੱਕਲੇ ਵਾਂਗ ਸਿੱਧੇ ਕਰਨਾ ਹੈ,ਦੋਵੇਂ ਹੱਥ ਵਾਰੀ-ਵਾਰੀ ਮੇਰੇ ਵਲ ਸਿੱਧੇ ਕਰੀ ਜਾਓ,ਤੁਹਾਨੂੰ ਪੰਜ-ਸੋਟੀਆਂ ਦੀ ਸਜਾ ਦੇਣੀ ਹੈ। ਦੋਵੇਂ ਮੁੰਡੇ ਆਪਣੇ ਹੱਥ ਅੱਗੇ ਕਰੀ ਜਾਂਦੇ ਤੇ ਮਾਸਟਰ ਪੂਰੇ ਜੋਰ ਨਾਲ ਤੂਤ ਦੇ ਡੰਡੇ ਮਾਰੀ ਜਾਂਦਾ। ਹਾਏ ਮਾਸਟਰ ਜੀ ਮਰਗੇ,ਦਰਸੂ ਤਿੰਨ ਡੰਡਿਆਂ ਦੀ ਪੀੜ ਨਾ ਝੱਲਦਾ ਹੋਇਆ ਰੋਂਦਾ ਚੀਕਾਂ ਮਾਰਦਾ ਬੋਲਿਆ। ਉਏ ਬੱਚੂ! ਹਾਲੇ ਵੀ ਕਹੀ ਜਾਨਾ ਮਾਸਟਰ ਜੀ ਮਰਗੇ। ਮੈ ਤੇ ਜਿਉਦਾ ਹਾਂ,ਛੱਪੜ ਵਿੱਚ ਡੁੱਬ ਕੇ ਮਰਨ ਤੇ ਤੁਸੀਂ ਲੱਗੇ ਸੀ। ਪਰੰਤੂ ਪੰਮੀ ਨੇ ਪੰਜ ਸੋਟੀਆਂ ਅਰਾਮ ਨਾਲ ਜਰ ਲਈਆਂ। ਅੱਗੇ ਤੋ ਹੋਰ ਗਲਤੀ ਕਰਨ ਤੋ ਤੌਬਾ ਕਰਦਿਆ ਕੰਨਾਂ ਨੂੰ ਹੱਥ ਲਾ ਕੇ ਕਲਾਸ ਵਿੱਚ ਬੈਠ ਗਿਆ। ਦਰਸੂ ਵੀ ਹੱਥ ਮਲਦਾ ਹੋਇਆ ਕਲਾਸ ਵਿੱਚ ਬੈਠ ਗਿਆ।

ਪੰਮੀ ਨੇ ਸਕੂਲ ਦੀ ਕੁੱਟ ਬਾਰੇ ਆਪਣੇ ਘਰ ਨਹੀ ਦੱਸਿਆ ਸੀ, ਪਰੰਤੂ ਦਰਸੂ ਨੇ ਆਪਣੇ ਘਰ ਵੀ ਅਤੇ ਪੰਮੀ ਦੇ ਘਰ ਵੀ ਸਭ ਕੁੱਝ ਦੱਸ ਦਿੱਤਾ ਸੀ। ਅਗਲੇ ਦਿਨ ਪਹਿਲਾ ਦਰਸੂ ਦੀ ਮਾਂ ਸਕੂਲ ਵਿੱਚ ਪਹੁੰਚ ਗਈ। ਭਾਅ ਜੀ,ਤੂੰ ਮਾਸਟਰ ਹੈ ਕਿ ਕਸਾਈ ਹੈ। ਜੇਕਰ ਮੇਰੇ ਮੁੰਡੇ ਤੋ ਗਲਤੀ ਹੋ ਹੀ ਗਈ ਸੀ । ਤੂੰ ਮਾਸੂਮ ਨੂੰ ਦਬਕਾ ਜਾਂ ਚਪੇੜ ਮਾਰਨੀ ਸੀ। ਤੈਨੂੰ ਜਵਾਕਾਂ ਤੇ ਰਹਿਮ ਨਾ ਆਇਆ,ਕੁੱਟ-ਕੁੱਟ ਕੇ ਮੁੰਡੇ ਦੇ ਹੱਥ ਲਾਲ ਕਰ ਦਿੱਤੇ ਹਨ। ਅਸੀਂ ਤਾ ਘਰੇ ਕਦੇ ਆਪਣੇ ਮੁੰਡੇ ਦਾ ਮੂੰਹ ਵੀ ਨਹੀਂ ਫਿਟਕਾਰਿਆ,ਕਦੇ ਫੁੱਲ ਦੀ ਵੀ ਚਪੇੜ ਨਹੀਂ ਮਾਰੀ। ਖਬਰਦਾਰ ਜੇ ਦੁਬਾਰਾ ਮੇਰੇ ਮੁੰਡੇ ਨੂੰ ਕੁੱਟਿਆ,"ਦਰਸੂ ਦੀ ਮਾਂ ਨੇ ਆਪਣੇ ਮੁੰਡੇ ਦੇ ਪੱਖ ਵਿੱਚ ਅਤੇ ਮਾਸਟਰ ਤੇ ਲੋਹੀ-ਲਾਖੀ ਹੁੰਦਿਆ ਆਪਣਾ ਬੁੱਗ-ਬਲਾਟ ਕੱਢਦਿਆ ਆਖਿਆ।

ਦਰਸੂ ਦੀ ਮਾਂ ਜਾਣ ਤੋ ਬਾਅਦ ਪੰਮੀ ਦੀ ਮਾਂ ਵੀ ਮਾਸਟਰ ਕੋਲ ਪਹੁੰਚ ਗਈ। ਸਤਿ ਸ੍ਰੀ ਅਕਾਲ ਮਾਸਟਰ ਜੀ,"ਤੁਹਾਡਾ ਬਹੁਤ ਧੰਨਵਾਦ,ਤੁਸੀਂ ਮੇਰੇ ਮੁੰਡੇ ਨੂੰ ਛੱਪੜ ਵਿੱਚ ਨਹਾਉਣ ਤੋ ਵਰਜਿਆ ਹੈ। ਦਾਤਰੀ-ਰੰਬਾ ਚੰਡਿਆ ਹੀ ਕੰਮ ਆਉਂਦਾ ਹੈ। ਤੁਸੀਂ ਇਸ ਨੂੰ ਸ਼ਰਾਰਤਾਂ ਕਰਨ ਤੋ ਜਿੰਨਾ ਮਰਜੀ ਕੁੱਟੋ,ਪਰ ਇਸ ਨੂੰ ਤੱਕਲੇ ਵਾਂਗ ਸਿੱਧਾ ਕਰ ਕੇ ਰੱਖੋ। ਮੇਰੇ ਵਲੋਂ ਖੁੱਲੀ ਛੁੱਟੀ ਹੈ। ਅਸੀਂ ਤਾ ਪਸ਼ੂਆਂ ਨਾਲ ਪਸ਼ੂ ਹੋ ਕੇ ਅਤੇ ਮਿੱਟੀ ਨਾਲ ਮਿੱਟੀ ਹੋ ਕੇ ਜੂਨ ਪੂਰੀ ਕਰ ਰਹੇ ਹਾਂ। ਸੋਚਿਆ ਸੀ।,ਡੀ,ਸੀ, ਥਾਣੇਦਾਰ ਬੰਦੇ ਹੀ ਬਣਦੇ ਹਨ। ਇਹ ਵੀ ਕੋਈ ਵੱਡਾ ਅਫਸਰ ਬਣ ਕੇ ਸਾਡਾ ਨਾਮ ਰੋਸ਼ਨ ਕਰ ਦੇਵੇ," ਪੰਮੀ ਦੀ ਮਾਂ ਮਾਸਟਰ ਜੀ ਦੀ ਹੌਸਲਾ ਅਫਜ਼ਾਈ ਕਰਦੀ ਅਤੇ ਮੁੰਡੇ ਦਾ ਵਧੀਆ ਭਵਿੱਖ ਬਣਾਉਣ ਦੇ ਸੁਪਨੇ ਲੈਂਦੀ ਬੋਲੀ।

ਭੈਣ ਜੀ,ਮੇਰੇ ਵੀ ਬੱਚੇ ਹਨ। ਮੇਰੀ ਕਿਹੜੀ ਕਿਸੇ ਬੱਚੇ ਨਾਲ ਕੋਈ ਦੁਸ਼ਮਣੀ ਹੈ। ਸਾਨੂੰ ਸਰਕਾਰ ਬੱਚਿਆਂ ਨੂੰ ਪੜਾਉਣ ਦੀ ਤਨਖਾਹ ਦਿੰਦੀ ਹੈ। ਪਰੰਤੂ ਸਾਡੇ ਆਪਣੇ ਵੀ ਕੁਝ ਫਰਜ ਅਥਵਾ ਕਰਤੱਵ ਹੁੰਦੇ ਹਨ। ਜਿਵੇਂ ਬੱਚਿਆਂ ਨੂੰ ਚੰਗੇ ਨਾਗਰਿਕ ਬਣਾਉਣਾ,ਵਹਿਮਾਂ,ਭਰਮਾਂ,ਭੂਤ-ਪ੍ਰੇਤਾਂ,ਕਰਾਮਾਤਾਂ ਵਿੱਚੋਂ ਕੱਢ ਕੇ ਬੱਚਿਆਂ ਦੀ ਵਿਗਿਆਨਕ ਸੋਚ ਬਣਾਉਣੀ। ਜੇਕਰ ਮੇਰਾ ਪੜ੍ਹਿਆ ਵਿਦਿਆਰਥੀ ਵੱਡਾ ਅਫਸਰ ਬਣਦਾ ਹੈ ਜਾਂ ਸਾਰੀ ਉਮਰ ਪਖੰਡੀ ਸਾਧਾਂ ਦੀ ਲੁੱਟ ਤੋ ਬਚ ਜਾਂਦਾ ਹੈ।ਸਾਨੂੰ ਬੱਚੇ ਦੇ ਮਾਂ-ਬਾਪ ਨਾਲੋ ਵੱਧ ਖੁਸ਼ੀ ਹੁੰਦੀ ਹੈ। ਜੇਕਰ ਅਸੀਂ ਬੱਚਿਆਂ ਨੂੰ ਕੁੱਟਦੇ,ਝਿੜਕਦੇ ਹਾਂ,ਇਹਨਾਂ ਦਾ ਭਵਿੱਖ ਸੁਧਾਰਨ ਲਈ ਸਭ ਕੁੱਝ ਕਰਦੇ ਹਾਂ,"ਮਾਸਟਰ ਜੀ ਆਪਣੇ ਦਿੱਲ ਦੀ ਗੱਲ ਦੱਸਦਾ ਅਤੇ ਪੰਮੀ ਦੀ ਮਾਂ ਦਾ ਧੰਨਵਾਦ ਕਰਦਿਆਂ ਬੋਲਿਆ।

ਮਾਸਟਰ ਜੀ ਨੇ ਦਰਸੂ ਦੀ ਮਾਂ ਦੇ ਕੌੜੇ ਬੋਲੇ ਲਫਜਾ ਨੂੰ ਧਿਆਨ ਵਿੱਚ ਰੱਖਦਿਆ ਦਰਸੂ ਦੀ ਪੜ੍ਹਾਈ ਨੂੰ ਅਣਗੌਲਿਆ ਕਰ ਛੱਡਿਆ ਸੀ। ਉਸ ਨੂੰ ਸ਼ਰਾਰਤਾਂ ਤੋ ਵਰਜਣਾ ਵੀ ਬੰਦ ਕਰ ਦਿੱਤਾ ਸੀ।

ਜਿਸ ਕਾਰਨ ਦਰਸੂ ਹੋਰ ਵਿਗੜਦਾ ਗਿਆ ਸੀ ਅਤੇ ਦਰਸੂ ਨੂੰ ਹੁਣ ਟੀਚਰ ਦੀ ਕੋਈ ਪਰਵਾਹ ਨਹੀਂ ਸੀ ਹੁੰਦੀ। ਮਾਸਟਰ ਨੇ ਪੰਮੀ ਵਲ ਆਪਣਾ ਹੋਰ ਧਿਆਨ ਦੇਣਾ ਸੁਰੂ ਕਰ ਦਿੱਤਾ ਸੀ। ਇਸ ਕਾਰਨ ਦਰਸੂ ਪੰਜਵੀਂ ਵਿੱਚੋਂ ਫੇਲ ਹੋ ਗਿਆ ਸੀ। ਪੰਮੀ ਆਪਣੀ ਕਲਾਸ ਵਿੱਚੋ ਅਤੇ ਜਿਲੇ ਵਿੱਚੋਂ ਪਹਿਲੇ ਨੰਬਰ ਤੇ ਆ ਗਿਆ ਸੀ। ਦਰਸੂ ਪੰਜਵੀਂ ਵਿੱਚੋਂ ਦੂਜੀ ਵਾਰ ਵੀ ਫੇਲ ਹੋ ਗਿਆ ਸੀ।ਜਿਸ ਕਰਕੇ ਉਸ ਪੜ੍ਹਾਈ ਛੱਡ ਦਿੱਤੀ ਸੀ। ਆਪਣੇ ਬਾਪ ਨਾਲ ਖੇਤੀ ਦਾ ਕੰਮ ਕਰਵਾਉਣ ਲੱਗ ਪਿਆ ਸੀ।

ਪੰਮੀ ਬੀ,ਏ ਕਰਕੇ ਪੁਲੀਸ ਵਿੱਚ ਭਰਤੀ ਹੋ ਗਿਆ ਸੀ।ਤਿੰਨ-ਚਾਰ ਸਾਲ ਬਾਅਦ ਤਰੱਕੀ ਕਰ ਕੇ ਐਸ,ਐਚ, ਓ, ਲੱਗ ਗਿਆ ਸੀ। ਪਰੰਤੂ ਦਰਸੂ ਥੋੜੀ ਜਮੀਨ ਹੋਣ ਕਰਕੇ,ਘਰ ਦੇ ਗੁਜ਼ਾਰੇ ਲਈ ਨਾਲ ਸਰਾਬ ਕੱਢ ਕੇ ਵੇਚ ਲੈਂਦਾ ਸੀ। ਪਹਿਲਾ ਪਿਓ ਵੀ ਉਸ ਦਾ ਸਰਾਬ ਵੇਚਣ ਦਾ ਧੰਦਾ ਕਰਦਾ ਰਿਹਾ ਸੀ। ਐਸ,ਐਚ,ਓ,ਦੀ ਡਿਊਟੀ ਆਪਣੇ ਇਲਾਕੇ ਵਿੱਚ ਲੱਗ ਗਈ ਸੀ। ਇਕ ਦਿਨ ਇਸੇ ਥਾਣੇ ਦੀ ਪੁਲੀਸ ਨੇ ਦਰਸੂ ਦੀ ਲੱਗ ਭੱਠੀ ਫੜ ਲਈ ਸੀ। ਪੁਲੀਸ ਫੜ ਕੇ ਥਾਣੇ ਲੈ ਗਈ ਸੀ। ਪੁਲੀਸ ਨੇ ਜਦੋਂ ਸਾਹਬ ਦੇ ਪੇਸ਼ ਕੀਤਾ। ਦਰਸੂ ਤੇ ਪੰਮੀ ਇਕ-ਦੂਜੇ ਵਲ ਵੇਖ ਹੱਕੇ-ਬੱਕੇ ਰਹੇ ਗਏ। ਪੰਮੀ ਨੂੰ ਮਹਿਸੂਸ ਜਿਵੇਂ ਇਹ ਕਿਰਸ਼ਨ ਸੁਦਾਮੇ ਦੀ ਮੁਲਾਕਾਤ ਹੋ ਗਈ ਹੋਵੇ।

ਮੇਰੇ ਜਮਾਤੀ ਯਾਰ ਇਹ ਕੀ ਹਾਲ ਬਣਾ ਲਿਆ ਤੂੰ ਆਪਣਾ, ,ਸਰਾਬ ਪੀਣ ਤੇ ਵੇਚਣ ਦੀ ਕਿੱਥੋ ਲੱਤ ਲੱਗ ਗਈ ਹੈ ਤੈਨੂੰ,"ਥਾਣੇਦਾਰ ਉਸ ਦੀ ਜਿੰਦਗੀ ਤੋ ਭਾਵੁਕ ਹੁੰਦਾ ਤੇ ਤਰਸ ਕਰਦਾ ਬੋਲਿਆ।

ਥਾਣੇਦਾਰ ਸਾਹਬ ਜੀ,ਜੇਕਰ ਮੇਰੀ ਮਾਂ ਵੀ ਤੇਰੀ ਮਾਂ ਜਿੰਨੀ ਸਿਆਣੀ ਹੁੰਦੀ,ਮੈ ਵੀ ਅੱਜ ਕੋਈ ਸਰਕਾਰੀ ਅਫਸਰ ਲੱਗਾ ਹੁੰਦਾ। ਇਹ ਸਭ ਮੇਰੀ ਮਾਂ ਦੀ ਮਿਹਰਬਾਨੀ ਹੈ। ਭਾਵ ਮੇਰੀ ਜਿੰਦਗੀ ਦਾ ਭਵਿੱਖ ਮੇਰੀ ਮਾਂ ਦੀ ਮਮਤਾ ਨੇ ਤਬਾਹ ਕਰ ਦਿੱਤਾ ਹੈ।ਕੁਝ ਮੇਰੀ ਵੀ ਗਲਤੀ ਹੈ, ਜੇਕਰ ਛੱਪੜ ਵਿੱਚ ਨਹਾਉਣ ਤੋ ਬਾਅਦ ਪਈ ਕੁੱਟ ਮੈ ਘਰੇ ਨਾ ਦੱਸਦਾ। ਫੇਰ ਸ਼ਾਇਦ ਮੈ ਕੁਝ ਬਣਿਆ ਹੁੰਦਾ।

ਜਿਸ ਕਾਰਨ ਮੈ ਤੇਰੇ ਸਾਹਮਣੇ ਹੀਣ ਭਾਵਨਾ ਦਾ ਸ਼ਿਕਾਰ ਹੋਇਆ ਬੈਠਾ ਹਾ। ਥਾਣੇਦਾਰ ਨੇ ਕੁਰਸੀ ਤੋ ਉਠ ਕੇ ਦਰਸੂ ਨੂੰ ਜੱਫੀ ਵਿੱਚ ਇਸ ਤਰ੍ਹਾਂ ਘੁੱਟ ਲਿਆ,ਜਿਵੇਂ ਬਸੰਤ ਨੇ ਰੂਪ ਨੂੰ ਘੁੱਟ ਲਿਆ ਸੀ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।
9530579175

## ਕਲਮ ਦੀ ਪਰਵਾਜ਼ ਅਤੇ ਰੂਹ ਦੀ ਆਵਾਜ਼: ਗੁਲਜ਼ਾਰ



ਗੁਲਜ਼ਾਰ—ਇਹ ਸਿਰਫ਼ ਇੱਕ ਨਾਮ ਨਹੀਂ, ਸਗੋਂ ਜਜ਼ਬਾਤਾਂ ਦੀ ਉਹ ਸਿਆਹੀ ਹੈ ਜਿਸ ਨੇ ਪਿਛਲੀਆਂ ਕਈ ਪੀੜ੍ਹੀਆਂ ਦੇ ਦਿਲਾਂ 'ਤੇ ਮੁਹੱਬਤ, ਦਰਦ ਅਤੇ ਫਲਸਫੇ ਦੀਆਂ ਇਬਾਰਤਾਂ ਲਿਖੀਆਂ ਹਨ। ਚਿੱਟੇ ਬੱਗ ਕੁਰਤੇ-ਪਜਾਮੇ ਵਿੱਚ ਲਿਪਟੀ ਇਹ ਸ਼ਖ਼ਸੀਅਤ ਜਦੋਂ ਆਪਣੀ ਮਖ਼ਮਲੀ ਆਵਾਜ਼ ਵਿੱਚ ਗੱਲ ਕਰਦੀ ਹੈ, ਤਾਂ ਮਹਿਸੂਸ ਹੁੰਦਾ ਹੈ ਜਿਵੇਂ ਸ਼ਬਦ ਖ਼ੁਦ ਕਿਸੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਕੇ ਬਾਹਰ ਆਏ ਹੋਣ। 18 ਅਗਸਤ 1934 ਨੂੰ ਪੰਜਾਬ ਦੇ ਜੇਹਲਮ ਜ਼ਿਲ੍ਹੇ ਦੇ ਪਿੰਡ 'ਦੀਨਾ' ਵਿੱਚ ਸੰਪੂਰਨ ਸਿੰਘ ਕਾਲਰਾ ਵਜੋਂ ਜਨਮੇ ਇਸ ਸ਼ਾਇਰ ਦੀਆਂ ਜੜ੍ਹਾਂ ਅੱਜ ਵੀ ਉਸੇ ਮਿੱਟੀ ਵਿੱਚ ਡੂੰਘੀਆਂ ਹਨ। ਵੰਡ ਦਾ ਉਹ ਨਾਸੂਰ, ਜਿਸ ਨੇ ਲੱਖਾਂ ਘਰ ਉਜਾੜੇ, ਗੁਲਜ਼ਾਰ ਦੇ ਮਨ 'ਤੇ ਵੀ ਅਜਿਹੇ ਨਿਸ਼ਾਨ ਛੱਡ ਗਿਆ ਜੋ ਅੱਜ ਵੀ ਉਨ੍ਹਾਂ ਦੀਆਂ ਨਜ਼ਮਾਂ ਵਿੱਚ 'ਸਰਹੱਦ' ਅਤੇ 'ਯਾਦਾਂ' ਦੇ ਰੂਪ ਵਿੱਚ ਸਿਸਕਦੇ ਸੁਣਾਈ ਦਿੰਦੇ ਹਨ। ਉਨ੍ਹਾਂ ਦੀ ਲਿਖਤ ਵਿੱਚ ਜੋ ਸਾਦਗੀ ਅਤੇ ਰੂਹਾਨੀਅਤ ਹੈ, ਉਹ ਅਸਲ ਵਿੱਚ ਉਸੇ ਪੰਜਾਬੀ ਵਿਰਾਸਤ ਦੀ ਦੇਣ ਹੈ ਜਿੱਥੇ ਰਿਸ਼ਤਿਆਂ ਨੂੰ ਰੂਹ ਨਾਲ ਨਿਭਾਇਆ ਜਾਂਦਾ ਹੈ।ਗੁਲਜ਼ਾਰ ਸਾਹਿਬ ਦੀ ਕਲਮ ਦਾ ਜਾਦੂ ਇਹ ਹੈ ਕਿ ਉਹ ਬਹੁਤ ਸਾਧਾਰਨ ਚੀਜ਼ਾਂ ਵਿੱਚੋਂ ਵੀ ਅਸਾਧਾਰਨ ਅਰਥ ਲੱਭ ਲੈਂਦੇ ਹਨ। ਉਹ ਚੰਨ ਨੂੰ ਰੋਟੀ ਵਾਂਗ ਦੇਖਦੇ ਹਨ, ਚੁੱਪ ਨੂੰ ਸੁਣਨ ਦੀ ਕਲਾ ਜਾਣਦੇ ਹਨ ਅਤੇ ਬੀਤ ਚੁੱਕੇ ਵਕਤ ਨੂੰ ਪੁਰਾਣੇ ਐਲਬਮ ਦੀਆਂ ਤਸਵੀਰਾਂ ਵਾਂਗ ਫਰੋਲਦੇ ਹਨ। ਉਨ੍ਹਾਂ ਦੇ ਗੀਤ ਸਿਰਫ਼ ਫ਼ਿਲਮੀ ਪਰਦੇ ਦੀ ਜ਼ਰੂਰਤ ਨਹੀਂ, ਸਗੋਂ ਮਨੁੱਖੀ ਮਨ ਦੀਆਂ ਪਰਤਾਂ ਖੋਲ੍ਹਣ ਵਾਲੇ ਸ਼ਾਹਕਾਰ ਹਨ। ਚਾਹੇ ਉਹ "ਤੇਰੇ ਬਿਨਾਂ ਜ਼ਿੰਦਗੀ ਸੇ ਕੋਈ ਸ਼ਿਕਵਾ ਤੋ ਨਹੀਂ" ਵਰਗੀ ਡੂੰਘੀ ਗੱਲ ਹੋਵੇ ਜਾਂ "ਮੁਸਾਫ਼ਿਰ ਹੂੰ ਯਾਰੋ" ਵਰਗੀ ਜ਼ਿੰਦਗੀ ਦੀ ਰਵਾਨਗੀ, ਗੁਲਜ਼ਾਰ ਨੇ ਹਰ ਅਹਿਸਾਸ ਨੂੰ ਇੱਕ ਨਵਾਂ ਮੋੜ ਦਿੱਤਾ ਹੈ। ਉਰਦੂ ਦੀ ਨਫ਼ਾਸਤ ਅਤੇ ਪੰਜਾਬੀ ਦੀ ਮਿਠਾਸ ਦਾ ਜੋ ਸੁਮੇਲ ਉਨ੍ਹਾਂ ਦੀ ਸ਼ਾਇਰੀ ਵਿੱਚ ਮਿਲਦਾ ਹੈ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ। ਉਨ੍ਹਾਂ ਨੇ ਸਾਨੂੰ ਸਿਖਾਇਆ ਕਿ ਕਿਵੇਂ ਬਹੁਤ ਵੱਡੀਆਂ ਗੱਲਾਂ ਨੂੰ ਛੋਟੇ ਅਤੇ ਸਿੱਧੇ ਸ਼ਬਦਾਂ ਵਿੱਚ ਕਹਿ ਕੇ ਦੂਜੇ ਦੇ ਦਿਲ ਵਿੱਚ ਉਤਰਿਆ ਜਾ ਸਕਦਾ ਹੈ।ਇੱਕ ਨਿਰਦੇਸ਼ਕ ਵਜੋਂ ਵੀ ਉਨ੍ਹਾਂ ਦਾ ਸਿਨੇਮਾ ਹਮੇਸ਼ਾ ਰਿਸ਼ਤਿਆਂ ਦੀ ਬਾਰੀਕੀ ਨੂੰ ਫੜਦਾ ਹੈ। 'ਮਾਚਿਸ' ਵਰਗੀ ਫ਼ਿਲਮ ਰਾਹੀਂ ਉਨ੍ਹਾਂ ਨੇ ਪੰਜਾਬ ਦੇ ਉਸ ਕਾਲੇ ਦੌਰ ਅਤੇ ਨੌਜਵਾਨੀ ਦੀ ਤੜਫ਼ ਨੂੰ ਜਿਸ ਸ਼ਿੱਦਤ ਨਾਲ ਪੇਸ਼ ਕੀਤਾ, ਉਹ ਕੇਵਲ ਉਹੀ ਇਨਸਾਨ ਕਰ ਸਕਦਾ ਸੀ ਜਿਸ ਨੇ ਖ਼ੁਦ ਵੰਡ ਅਤੇ ਹਿਜਰ ਦੇ ਦਰਦ ਨੂੰ ਹੰਢਾਇਆ ਹੋਵੇ। ਗੁਲਜ਼ਾਰ ਸਾਹਿਬ ਨੇ ਸਿਨੇਮਾ ਨੂੰ ਕੇਵਲ ਮਨੋਰੰਜਨ ਨਹੀਂ ਮੰਨਿਆ, ਸਗੋਂ ਇਸ ਨੂੰ ਸਮਾਜ ਦਾ ਉਹ ਸ਼ੀਸ਼ਾ ਬਣਾਇਆ ਜਿਸ ਵਿੱਚ ਅਸੀਂ ਆਪਣੇ ਖ਼ੁਦ ਦੇ ਜਜ਼ਬਾਤਾਂ ਨੂੰ ਸਾਫ਼ ਦੇਖ ਸਕਦੇ ਹਾਂ। 'ਆਂਧੀ', 'ਮੌਸਮ' ਅਤੇ 'ਇਜਾਜ਼ਤ' ਵਰਗੀਆਂ ਫ਼ਿਲਮਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਉਨ੍ਹਾਂ ਲਈ ਕਹਾਣੀ ਕਹਿਣ ਦਾ ਮਤਲਬ ਇਨਸਾਨੀ ਰੂਹ ਦੇ ਅੰਦਰ ਝਾਤੀ ਮਾਰਨਾ ਹੈ। ਉਹ ਬਿਨਾਂ ਉੱਚੀ ਬੋਲੇ ਵੀ ਆਪਣੀ ਗੱਲ ਇੰਨੇ ਪ੍ਰਭਾਵਸ਼ਾਲੀ ਢੰਗ ਨਾਲ ਕਹਿੰਦੇ ਹਨ ਕਿ ਪਾਠਕ ਜਾਂ ਦਰਸ਼ਕ ਸੁੰਨ ਹੋ ਜਾਂਦਾ ਹੈ।

ਆਸਕਰ, ਗ੍ਰੈਮੀ, ਸਾਹਿਤ ਅਕਾਦਮੀ ਅਤੇ ਦਾਦਾ ਸਾਹਿਬ ਫਾਲਕੇ ਵਰਗੇ ਅਣਗਿਣਤ ਸਨਮਾਨ ਉਨ੍ਹਾਂ ਦੀ ਕਲਮ ਅੱਗੇ ਸਿਰ ਝੁਕਾਉਂਦੇ ਹਨ, ਪਰ ਗੁਲਜ਼ਾਰ ਸਾਹਿਬ ਲਈ ਸਭ ਤੋਂ ਵੱਡਾ ਸਨਮਾਨ ਉਹ ਪਿਆਰ ਹੈ ਜੋ ਹਰ ਉਮਰ ਦਾ ਇਨਸਾਨ ਉਨ੍ਹਾਂ ਨੂੰ ਦਿੰਦਾ ਹੈ। 90 ਸਾਲਾਂ ਦੇ ਕਰੀਬ ਹੋ ਕੇ ਵੀ ਉਨ੍ਹਾਂ ਦੀ ਸੋਚ ਵਿੱਚ ਨੌਜਵਾਨਾਂ ਵਰਗੀ ਤਾਜ਼ਗੀ ਹੈ। ਉਹ ਅੱਜ ਵੀ ਓਨੇ ਹੀ ਉਤਸ਼ਾਹ ਨਾਲ ਲਿਖਦੇ ਹਨ ਅਤੇ ਨਵੀਂ ਪੀੜ੍ਹੀ ਦੇ ਕਲਾਕਾਰਾਂ ਦੇ ਮਾਰਗਦਰਸ਼ਕ ਬਣਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਤੋਂ ਇਹ ਸਿੱਖਣ ਨੂੰ ਮਿਲਦਾ ਹੈ ਕਿ ਸਫ਼ਲਤਾ ਦੇ ਸਿਖ਼ਰ 'ਤੇ ਪਹੁੰਚ ਕੇ ਵੀ ਨਿਮਰਤਾ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣਾ ਹੀ ਇੱਕ ਸੱਚੇ ਕਲਾਕਾਰ ਦੀ ਅਸਲ ਪਛਾਣ ਹੈ। ਗੁਲਜ਼ਾਰ ਸਾਹਿਬ ਸਿਰਫ਼ ਇੱਕ ਸ਼ਾਇਰ ਜਾਂ ਗੀਤਕਾਰ ਨਹੀਂ ਹਨ, ਉਹ ਇੱਕ ਅਹਿਸਾਸ ਹਨ ਜੋ ਸਾਡੀ ਰੋਜ਼ਾਨਾ ਦੀ ਜ਼ਿੰਦਗੀ, ਸਾਡੇ ਦੁੱਖਾਂ-ਸੁੱਖਾਂ ਅਤੇ ਸਾਡੀਆਂ ਮੁਹੱਬਤਾਂ ਵਿੱਚ ਹਮੇਸ਼ਾ ਜਿਉਂਦਾ ਰਹੇਗਾ।

ਸਨਦੀਪ ਸਿੱਧੂ - 9463661542

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ**

# ਪੰਜਾਬ ਵਿਚ ਮੌਸਮੀ ਤਬਦੀਲੀਆਂ ਅਤੇ ਆਉਣ ਵਾਲੇ ਦਿਨਾਂ ਦੀ ਭਵਿੱਖਬਾਣੀ ਬਾਰੇ ਇੱਕ ਵਿਸਥਾਰ ਨਾਲ ਜਾਣਕਾਰੀ



ਪੰਜਾਬ ਦਾ ਮੌਸਮ ਇਸ ਵੇਲੇ ਬਦਲਦਾ ਨਜ਼ਰ ਆ ਰਿਹਾ ਹੈ। ਆਉਣ ਵਾਲੇ ਚਾਰ-ਪੰਜ ਦਿਨਾਂ ਤੱਕ ਮੌਸਮ ਵਿਚ ਬਦਲਾਅ ਆਉਣ ਦੀ ਸੰਭਾਵਨਾ ਹੈ ਅਤੇ ਕਈ ਥਾਵਾਂ ਤੇ ਬਰਸਾਤ ਹੋਣ ਦੀ ਉਮੀਦ ਹੈ। ਭਾਰਤੀ ਮੌਸਮ ਵਿਭਾਗ (IMD) ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਉੱਤਰੀ ਭਾਰਤ ਵਿਚ ਇੱਕ ਨਵੀਂ ਪੱਛਮੀ ਗੜ਼ੀ ਆ ਰਹੀ ਹੈ ਜਿਸ ਕਾਰਨ ਪੰਜਾਬ ਵਿਚ ਵੀ ਇਸ ਦਾ ਅਸਰ ਪਵੇਗਾ।

ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿਚ ਤਾਪਮਾਨ ਵਿਚ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲ ਰਿਹਾ ਹੈ। ਅਮ੍ਰਿਤਸਰ, ਲੁਧਿਆਣਾ, ਜਲੰਧਰ, ਪਟਿਆਲਾ, ਬਠਿੰਡਾ ਅਤੇ ਫਿਰੋਜ਼ਪੁਰ ਵਰਗੇ ਵੱਡੇ ਸ਼ਹਿਰਾਂ ਵਿਚ ਦਿਨ ਦਾ ਤਾਪਮਾਨ 30 ਤੋਂ 35 ਡਿਗਰੀ ਸੈਲਸੀਅਸ ਤੱਕ ਰਹਿਣ ਦੀ ਉਮੀਦ ਹੈ। ਰਾਤ ਦਾ ਤਾਪਮਾਨ ਵੀ ਘੱਟੋ-ਘੱਟ 15 ਤੋਂ 20 ਡਿਗਰੀ ਤੱਕ ਰਹਿ ਸਕਦਾ ਹੈ। ਇਸ ਵੇਲੇ ਹਵਾਵਾਂ ਦੀ ਰਫ਼ਤਾਰ ਵਿਚ ਵਾਧਾ ਹੋਇਆ ਹੈ ਅਤੇ ਉੱਤਰ-ਪੱਛਮੀ ਹਵਾਵਾਂ ਚੱਲ ਰਹੀਆਂ ਹਨ ਜਿਨ੍ਹਾਂ ਕਾਰਨ ਮੌਸਮ ਥੋੜ੍ਹਾ ਠੰਢਾ ਮਹਿਸੂਸ ਹੋ ਰਿਹਾ ਹੈ।

ਖਾਸ ਤੌਰ ਤੇ ਉੱਤਰੀ ਅਤੇ ਪੱਛਮੀ ਪੰਜਾਬ ਵਿਚ ਬੱਦਲ ਛਾਏ ਰਹਿਣ ਅਤੇ ਹਲਕੀ ਬਰਸਾਤ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਗੁਰਦਾਸਪੁਰ, ਪਠਾਨਕੋਟ, ਹੁਸਿਆਰਪੁਰ ਅਤੇ ਐਸਬੀਐਸ ਨਗਰ ਵਿਚ ਬਰਸਾਤ ਨਾਲ ਠੰਢਕ ਵਧ ਸਕਦੀ ਹੈ। ਖੇਤੀਬਾੜੀ ਲਈ ਇਹ ਮੌਸਮ ਫਾਇਦੇਮੰਦ ਸਾਬਤ ਹੋ ਸਕਦਾ ਹੈ ਕਿਉਂਕਿ ਗੰਨੇ, ਗੇਹੂੰ ਅਤੇ ਹੋਰ ਫਸਲਾਂ ਨੂੰ ਇਸ ਤੋਂ ਲਾਭ ਮਿਲੇਗਾ। ਪਰ ਇੱਕੋ ਵਾਰ ਤੇਜ਼ ਬਰਸਾਤ ਹੋਣ ਤੋਂ ਬਚਣ ਲਈ ਕਿਸਾਨਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ।

ਪੰਜਾਬ ਵਿਚ ਮੌਸਮ ਵਿਭਾਗ ਵੱਲੋਂ ਯੈਲੋ ਅਲਰਟ ਵੀ ਜਾਰੀ ਕੀਤਾ ਗਿਆ ਹੈ ਕਿਉਂਕਿ ਕਈ ਥਾਵਾਂ ਤੇ ਗਰਜ ਚਮਕ ਨਾਲ ਬਰਸਾਤ ਹੋਣ ਦੀ ਭਵਿੱਖਬਾਣੀ ਹੈ। ਖਾਸ ਕਰਕੇ ਰਾਤ ਦੇ ਸਮੇਂ ਤਾਪਮਾਨ ਵਿਚ ਗਿਰਾਵਟ ਆਉਣ ਨਾਲ ਲੋਕਾਂ ਨੂੰ ਠੰਢ ਤੋਂ ਬਚਾਅ ਲਈ ਗਰਮ ਕੱਪੜੇ ਵਰਤਣੇ ਚਾਹੀਦੇ ਹਨ। ਬੱਚਿਆਂ ਅਤੇ ਬਜ਼ੁਰਗਾਂ ਦਾ ਖਾਸ ਖਿਆਲ ਰੱਖਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਠੰਢ ਲੱਗਣ ਤੋਂ ਬਚਾਇਆ ਜਾ ਸਕੇ।

ਇਸ ਤੋਂ ਇਲਾਵਾ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਧੂੜ ਭਰੀਆਂ ਹਵਾਵਾਂ ਵੀ ਚੱਲ ਰਹੀਆਂ ਹਨ ਜਿਨ੍ਹਾਂ ਕਾਰਨ ਹਵਾ ਦੀ ਗੁਣਵੱਤਾ ਵਿਚ ਥੋੜ੍ਹੀ ਗਿਰਾਵਟ ਵੇਖੀ ਜਾ ਰਹੀ ਹੈ। ਲੋਕਾਂ ਨੂੰ ਬਾਹਰ ਜਾਣ ਵੇਲੇ ਮਾਸਕ ਵਰਤਣ ਦੀ ਸਲਾਹ ਦਿੱਤੀ ਗਈ ਹੈ। ਸ਼ਹਿਰੀ ਇਲਾਕਿਆਂ ਵਿਚ ਟ੍ਰੈਫਿਕ ਵਿਚ ਵੀ ਵਾਧਾ ਹੋ ਸਕਦਾ ਹੈ ਜੇਕਰ ਬਰਸਾਤ ਹੋਈ ਤਾਂ ਰਸਤੇ ਗਿੱਲੇ ਹੋਣ ਕਾਰਨ।

ਪੰਜਾਬ ਸਰਕਾਰ ਵੱਲੋਂ ਵੀ ਲੋਕਾਂ ਨੂੰ ਜਾਗਰੂਕ ਕਰਨ ਲਈ ਸੋਸ਼ਲ ਮੀਡੀਆ ਰਾਹੀਂ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ। ਬਿਜਲੀ ਦੀ ਲਾਈਨਾਂ ਤੇ ਧਿਆਨ ਰੱਖਿਆ ਜਾਵੇ ਤਾਂ ਜੋ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਹੋਵੇ। ਖੇਤਾਂ ਵਿਚ ਕੰਮ ਕਰਦੇ ਕਿਸਾਨ ਭਰਾਵਾਂ ਨੂੰ ਵੀ ਬਰਸਾਤ ਵਾਲੇ ਮੌਸਮ ਵਿਚ ਸਾਵਧਾਨੀ ਵਰਤਣੀ ਚਾਹੀਦੀ ਹੈ।

ਆਉਣ ਵਾਲੇ ਹਫ਼ਤੇ ਵਿਚ ਤਾਪਮਾਨ ਵਿਚ ਹੋਰ ਗਿਰਾਵਟ ਆਉਣ ਦੀ ਉਮੀਦ ਹੈ ਅਤੇ ਇਸ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੇਗੀ। ਪਰ ਇਸ ਦੇ ਨਾਲ ਹੀ ਬਰਸਾਤ ਨਾਲ ਜੁੜੀਆਂ ਸਮੱਸਿਆਵਾਂ ਵੀ ਉਭਰ ਸਕਦੀਆਂ ਹਨ ਜਿਵੇਂ ਕਿ ਘਰਾਂ ਵਿਚ ਪਾਣੀ ਭਰਣਾ ਜਾਂ ਰਸਤਿਆਂ ਤੇ ਜਾਮ ਲੱਗਣਾ। ਇਸ ਲਈ ਲੋਕਾਂ ਨੂੰ ਆਪਣੀਆਂ ਛੱਤਾਂ ਅਤੇ ਨਾਲੀਆਂ ਦੀ ਸਾਫ਼-ਸਫ਼ਾਈ ਤੋਂ ਪਹਿਲਾਂ ਹੀ ਕਰ ਲੈਣੀ ਚਾਹੀਦੀ ਹੈ।

ਪੰਜਾਬ ਦੇ ਪਹਾੜੀ ਇਲਾਕਿਆਂ ਵਿਚ ਵੀ ਬਰਫਬਾਰੀ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਪਰ ਇਸ ਵੇਲੇ ਮੁੱਖ ਤੌਰ ਤੇ ਮੈਦਾਨੀ ਖੇਤਰਾਂ ਵਿਚ ਬਰਸਾਤ ਹੀ ਵਧੇਰੇ ਹੋਣ ਵਾਲੀ ਹੈ। ਇਸ ਮੌਸਮੀ ਤਬਦੀਲੀ ਨਾਲ ਫਸਲਾਂ ਲਈ ਚੰਗਾ ਮਾਹੌਲ ਬਣ ਸਕਦਾ ਹੈ ਅਤੇ ਖੇਤੀ ਉਤਪਾਦਨ ਵਿਚ ਵਾਧਾ ਹੋਣ ਦੀ ਆਸ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਾਸੀਆਂ ਨੂੰ ਇਸ ਬਦਲਦੇ ਮੌਸਮ ਲਈ ਤਿਆਰ ਰਹਿਣਾ ਚਾਹੀਦਾ ਹੈ। ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਮੌਸਮ ਦੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ ਅਤੇ ਛਾਤੀ ਤੇ ਛੱਤਰੀ ਰੱਖਣੀ ਚਾਹੀਦੀ ਹੈ ਤਾਂ ਜੋ ਬਰਸਾਤ ਤੋਂ ਬਚਾਅ ਹੋ ਸਕੇ। ਬੱਚਿਆਂ ਨੂੰ ਸਕੂਲ ਭੇਜਣ ਵੇਲੇ ਵੀ ਧਿਆਨ ਰੱਖਿਆ ਜਾਵੇ।



ਦਿੱਲੀ, ਨੋਇਡਾ ਤੇ ਫਰੀਦਾਬਾਦ ਸਮੇਤ ਐਨਸੀਆਰ ਦੇ ਵੱਖ-ਵੱਖ ਇਲਾਕਿਆਂ ਵਿਚ ਤੇਜ਼ ਹਵਾਵਾਂ ਨਾਲ ਮੀਂਹ ਪਿਆ

# ਦਿੱਲੀ, ਨੋਇਡਾ ਤੇ ਫਰੀਦਾਬਾਦ ਵਿਚ ਭਾਰੀ ਮੀਂਹ ਨਾਲ ਗਰਮੀ ਤੋਂ ਮਿਲੀ ਰਾਹਤ; ਕੱਲ੍ਹ ਤੇ ਪਰਸੋਂ ਮੌਸਮ ਕਿਵੇਂ ਰਹੇਗਾ?

ਸ਼ੁੱਕਰਵਾਰ, 17 ਅਪ੍ਰੈਲ 2026 ਨੂੰ ਰਾਸ਼ਟਰੀ ਰਾਜਧਾਨੀ ਖੇਤਰ ਵਿਚ ਗਰਮੀ ਦੀ ਤੀਬਰਤਾ ਵਿਚਾਲੇ ਭਾਰੀ ਮੀਂਹ ਨੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਦਿੱਲੀ, ਨੋਇਡਾ ਤੇ ਫਰੀਦਾਬਾਦ ਸਮੇਤ ਐਨਸੀਆਰ ਦੇ ਵੱਖ-ਵੱਖ ਇਲਾਕਿਆਂ ਵਿਚ ਸ਼ਾਮ 4 ਵਜੇ ਤੋਂ ਬਾਅਦ ਤੇਜ਼ ਹਵਾਵਾਂ ਨਾਲ ਮੀਂਹ ਪਿਆ। ਇਸ ਨਾਲ ਤਾਪਮਾਨ ਵਿਚ ਗਿਰਾਵਟ ਆਈ ਤੇ ਲੋਕਾਂ ਨੇ ਗਰਮੀ ਤੋਂ ਥੋੜ੍ਹੀ ਆਰਾਮ ਲਿਆ। ਮੌਸਮ ਵਿਭਾਗ (ਆਈਐੱਮਡੀ) ਨੇ ਇਸ ਤੋਂ ਪਹਿਲਾਂ ਹੀ ਨੋਇਡਾ, ਫਰੀਦਾਬਾਦ ਤੇ ਗੁਰੂਗ੍ਰਾਮ ਲਈ ਯੈਲੋ ਅਲਰਟ ਜਾਰੀ ਕੀਤਾ ਸੀ, ਜਿਸ ਵਿਚ ਗਰਜ ਚਮਕ ਨਾਲ ਹਲਕੀ ਬਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਸੀ।

ਇਸ ਮੀਂਹ ਨਾਲ ਦਿੱਲੀ ਵਿਚ ਘੱਟੋ-ਘੱਟ ਤਾਪਮਾਨ 24 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ, ਜੋ ਇਸ ਸੀਜ਼ਨ ਵਿਚ ਹੁਣ ਤੱਕ ਦਾ ਸਭ ਤੋਂ ਘੱਟ ਤਾਪਮਾਨ ਹੈ। ਵੱਧ ਤੋਂ ਵੱਧ ਤਾਪਮਾਨ 39 ਡਿਗਰੀ ਆਸ-ਪਾਸ ਰਿਹਾ। ਇਸ ਤੋਂ ਪਹਿਲਾਂ ਵੀਰਵਾਰ ਨੂੰ ਰਾਜਸਥਾਨ ਦੇ ਖੇਤਰਾਂ ਵਿਚ ਵੀ ਗਰਜ ਨਾਲ ਹਲਕੀ ਬਾਰਿਸ਼ ਹੋਈ ਸੀ। ਪੱਛਮੀ ਰਾਜਸਥਾਨ ਤੇ ਗੁਆਂਢੀ ਪਾਕਿਸਤਾਨ ਉੱਤੇ ਚੱਕਰਵਾਤੀ ਸਰਕੂਲੇਸ਼ਨ ਕਾਰਨ ਧੁੰਦ ਤੇ ਬੱਦਲਾਂ ਦੀ ਪਰਤ ਬਣੀ ਰਹੀ, ਜਿਸ ਨਾਲ ਹਵਾ ਦੀ ਗੁਣਵੱਤਾ ਵੀ ਪ੍ਰਭਾਵਿਤ ਹੋਈ। ਨੋਇਡਾ ਵਿਚ ਤੇਜ਼ ਹਨੇਰੀ ਨਾਲ ਮੀਂਹ ਸ਼ੁਰੂ ਹੋਇਆ, ਜਿਸ ਕਾਰਨ ਆਵਾਜਾਈ ਵਿਚ ਥੋੜ੍ਹਾ ਵਿਘਨ ਪਿਆ ਪਰ ਬਾਅਦ ਵਿਚ ਸਥਿਤੀ ਸੁਧਰ ਗਈ। ਫਰੀਦਾਬਾਦ ਵਿਚ ਵੀ ਤੇਜ਼ ਹਵਾਵਾਂ ਨਾਲ ਬਾਰਿਸ਼ ਨੇ ਗਰਮੀ ਦਾ ਅਸਰ ਘਟਾਇਆ।

ਲੋਕਾਂ ਨੇ ਇਸ ਅਚਾਨਕ ਮੀਂਹ ਨੂੰ ਗਰਮੀ ਤੋਂ ਰਾਹਤ ਵਜੋਂ ਵੇਖਿਆ। ਬਹੁਤ ਸਾਰੇ ਲੋਕ ਘਰਾਂ ਤੋਂ ਬਾਹਰ ਨਿਕਲ ਕੇ ਇਸ ਦਾ ਆਨੰਦ ਲੈਂਦੇ ਨਜ਼ਰ ਆਏ। ਗਰਮੀਆਂ ਦੇ ਇਸ ਸੀਜ਼ਨ ਵਿਚ ਇਸ ਤਰ੍ਹਾਂ ਦੀ ਬਾਰਿਸ਼ ਲੋਕਾਂ ਲਈ ਇੱਕ ਤਾਜ਼ਗੀ ਭਰੀ ਘਟਨਾ ਸਾਬਤ ਹੋਈ। ਆਈਐੱਮਡੀ ਅਨੁਸਾਰ ਇਸ ਮੀਂਹ ਨਾਲ ਤਾਪਮਾਨ ਵਿਚ ਥੋੜ੍ਹੀ ਗਿਰਾਵਟ ਆਈ ਹੈ ਪਰ ਇਹ ਰਾਹਤ ਅਸਥਾਈ ਹੈ।

ਹੁਣ ਭਵਿੱਖਬਾਣੀ ਵੱਲ ਵੇਖੀਏ ਤਾਂ ਅਗਲੇ ਦੋ-ਤਿੰਨ ਦਿਨਾਂ ਵਿਚ ਦਿੱਲੀ-ਐਨਸੀਆਰ ਤੇ ਉੱਤਰ-ਪੱਛਮੀ ਭਾਰਤ ਵਿਚ ਤਾਪਮਾਨ ਵਧਣ ਦੀ ਸੰਭਾਵਨਾ ਹੈ। ਕੱਲ੍ਹ ਯਾਨੀ 18 ਅਪ੍ਰੈਲ 2026 ਨੂੰ ਵੱਧ ਤੋਂ ਵੱਧ ਤਾਪਮਾਨ 40 ਤੋਂ 42 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ ਤੇ ਘੱਟੋ-ਘੱਟ ਤਾਪਮਾਨ 20 ਤੋਂ 22 ਡਿਗਰੀ ਰਹਿਣ ਦੀ ਉਮੀਦ ਹੈ। ਮੌਸਮ ਆਮ ਤੌਰ ਤੇ ਬੱਦਲਵਾਈ ਵਾਲਾ ਰਹੇਗਾ ਪਰ ਭਾਰੀ ਬਾਰਿਸ਼ ਦੀ ਸੰਭਾਵਨਾ ਘੱਟ ਹੈ। ਹਵਾਵਾਂ ਉੱਤਰ-ਪੱਛਮੀ ਦਿਸ਼ਾ ਤੋਂ 5 ਤੋਂ 10 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲਣਗੀਆਂ।

ਪਰਸੋਂ ਯਾਨੀ 19 ਅਪ੍ਰੈਲ 2026 ਨੂੰ ਵੀ ਤਾਪਮਾਨ 40 ਤੋਂ 42 ਡਿਗਰੀ ਵੱਧ ਤੋਂ ਵੱਧ ਤੇ 22 ਤੋਂ 24 ਡਿਗਰੀ ਘੱਟੋ-ਘੱਟ ਰਹਿਣ ਦੀ ਭਵਿੱਖਬਾਣੀ ਹੈ। ਮੌਸਮ ਬੱਦਲਵਾਈ ਵਾਲਾ ਰਹੇਗਾ ਤੇ ਹਵਾਵਾਂ ਦੀ ਰਫ਼ਤਾਰ ਵਿਚ ਥੋੜ੍ਹਾ ਵਾਧਾ ਹੋ ਸਕਦਾ ਹੈ। ਇਸ ਤੋਂ ਬਾਅਦ 20 ਅਪ੍ਰੈਲ ਤੋਂ ਮੌਸਮ ਮੁੱਖ ਤੌਰ ਤੇ ਸਾਫ਼ ਰਹਿਣ ਦੀ ਉਮੀਦ ਹੈ ਤੇ ਤਾਪਮਾਨ ਵਿਚ ਵੱਡਾ ਬਦਲਾਅ ਨਹੀਂ ਆਵੇਗਾ। ਆਈਐੱਮਡੀ ਅਨੁਸਾਰ ਅਗਲੇ ਕੁਝ ਦਿਨਾਂ ਵਿਚ ਗਰਮੀ ਦੀ ਲਹਿਰ ਵਧ ਸਕਦੀ ਹੈ ਤੇ ਕੁਝ ਖੇਤਰਾਂ ਵਿਚ ਤਾਪਮਾਨ 41-42 ਡਿਗਰੀ ਤੱਕ ਜਾ ਸਕਦਾ ਹੈ।

# ਕੇ.ਡੀ. ਇੰਟਰਨੈਸ਼ਨਲ ਸਕੂਲ ਦੇ ਕਲਾਸ 10 ਦੇ ਬੋਰਡ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ



ਸਕੂਲ ਮੁਖੀ ਅਤੇ ਹੋਰ ਸਟਾਫ ਨੇ ਕੀਤਾ ਵਿਦਿਆਰਥੀਆਂ ਦਾ ਸਨਮਾਨ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 17 ਅਪ੍ਰੈਲ

ਕੇ.ਡੀ. ਇੰਟਰਨੈਸ਼ਨਲ ਸਕੂਲ ਨੂੰ ਅਕਾਦਮਿਕ ਸੈਸ਼ਨ 2025–26 ਲਈ ਹੋਈਆਂ ਸੀਬੀਐਸਈ ਕਲਾਸ 10 ਬੋਰਡ ਪ੍ਰੀਖਿਆਵਾਂ ਵਿੱਚ ਆਪਣੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਐਲਾਨ ਕਰਦੇ ਹੋਏ ਬਹੁਤ ਮਾਣ ਮਹਿਸੂਸ ਕੀਤਾ।ਸਕੂਲ ਨੇ ਉਤਕ੍ਰਿਸ਼ਟ ਅਕਾਦਮਿਕ ਸਫਲਤਾ ਹਾਸਲ ਕੀਤੀ, ਜਿਸ ਵਿੱਚ ਭੂਮਿਕਾ ਚੌਹਾਨ ਅਤੇ ਪਰਨੀਤ ਕੌਰ ਨੇ 95.6% ਅੰਕ ਪ੍ਰਾਪਤ ਕਰਕੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਤੋਂ ਬਾਅਦ ਮੰਨਤ ਨੇ 95.2% ਅਤੇ ਦ੍ਰਿਸ਼ਟੀ ਨੇ 95% , ਮਨਮੋਲਪ੍ਰੀਤ ਕੌਰ 94.8 ,ਹਰਸਿਮਰਤ ਕੌਰ 94.2 ,ਨੰਦਿਕਾ 94 ,ਸਾਚੀ ਪ੍ਰੀਤ ਕੌਰ 93.8 ,ਸਰਤਾਜ ਸਿੰਘ 93.2, ਹੁਸਨਪ੍ਰੀਤ ਕੌਰ 93, ਰੰਧਾਵਾ ਸਿਮਰਨ 93 ,ਰਵਲੀਨ ਕੌਰ 92.6 ,ਅਰਪਨ ਭੰਡਾਰੀ 92.2, ਅਰਮਾਨਪ੍ਰੀਤ ਕੌਰ 91.4 , ਮਹਿਕਦੀਪ ਕੌਰ 91.4 , ਜਸਲੀਨ ਕੌਰ 90.1%ਅੰਕ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹੋਰ ਕਈ ਵਿਦਿਆਰਥੀਆਂ ਨੇ ਵੀ ਕਾਬਿਲ-ਏ-ਤਾਰੀਫ਼ ਨਤੀਜੇ ਹਾਸਲ ਕੀਤੇ, ਜੋ ਸਕੂਲ ਦੀ ਮਜ਼ਬੂਤ ਅਕਾਦਮਿਕ ਸੰਸਕ੍ਰਿਤੀ ਅਤੇ ਉਤਕ੍ਰਿਸ਼ਟਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਇਹ ਉਪਲਬਧੀ ਵਿਦਿਆਰਥੀਆਂ ਦੀ ਲਗਨ, ਮਿਹਨਤ ਅਤੇ ਦ੍ਰਿੜ ਨਿਸ਼ਚੇ ਦਾ ਪ੍ਰਤੀਕ ਹੈ। ਇਸ ਦੇ ਨਾਲ ਹੀ ਇਹ ਸਕੂਲ ਦੇ ਤਜਰਬੇਕਾਰ ਅਧਿਆਪਕਾਂ ਦੀ ਨਿਰੰਤਰ ਮਿਹਨਤ ਅਤੇ ਮਾਪਿਆਂ ਵੱਲੋਂ ਮਿਲੇ ਸਹਿਯੋਗ ਅਤੇ ਪ੍ਰੋਤਸਾਹਨ ਨੂੰ ਵੀ ਦਰਸਾਉਂਦੀ ਹੈ। ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਗੌਤਮ ਸੂਦ ਐਡਮਿਨ ਹੈਡ ਰਕੇਸ਼ ਬਾਂਸਲ ਅਤੇ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਉਪਲਬਧੀ ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਅਟੱਲ ਸਮਰਪਣ ਦਾ ਨਤੀਜੇ ਤੇ ਦਿਲੋਂ ਹਾਰਦਿਕ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਉਨ੍ਹਾਂ ਦੀ ਇਸ ਸਫਲਤਾ 'ਤੇ ਬਹੁਤ ਮਾਣ ਮਹਿਸੂਸ ਕਰਦੇ ਹਾਂ। ਉਹਨਾਂ ਨੇ ਅਧਿਆਪਕਾਂ ਅਤੇ ਮਾਪਿਆਂ ਦਾ ਵੀ ਦਿਲੋਂ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਉਜਵਲ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ----------ਕੇ.ਡੀ. ਇੰਟਰਨੈਸ਼ਨਲ ਸਕੂਲ ਦੇ ਕਲਾਸ 10 ਦੇ ਬੋਰਡ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਲਈ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਸਕੂਲ ਮੁਖੀ ਅਤੇ ਸਟਾਫ

# ਵਿਧਾਇਕ ਧਾਲੀਵਾਲ ਨੇ ਆਖਿਆ ਕਿ ਭਾਜਪਾ ਵੱਲੋਂ ਲਿਆਂਦਾ ਗਿਆ ਮਹਿਲਾ ਰਾਖਵਾਂਕਰਨ ਬਿੱਲ ਵੀ ਲਾਗੂ ਕਰਨ ਵਿੱਚ ਦੇਰੀ ਹੋ ਰਹੀ ਹੈ




*ਪੰਜਾਬ ਵਿਧਾਨ ਸਭਾ ਵਿੱਚ ਫਗਵਾੜਾ ਤੋਂ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਭਾਜਪਾ ਉੱਤੇ ਤਿੱਖਾ ਹਮਲਾ ਬੋਲਿਆ ਹੈ।*

ਪੰਜਾਬ ਵਿਧਾਨ ਸਭਾ ਵਿੱਚ ਫਗਵਾੜਾ ਤੋਂ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਭਾਜਪਾ ਉੱਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਜਾਤੀ ਜਨਗਣਨਾ ਕੀਤੇ ਬਿਨਾਂ ਹੀ ਹੱਦਬੰਦੀ ਕਰਵਾ ਕੇ ਰਾਜਨੀਤਿਕ ਲਾਭ ਹਾਸਲ ਕਰਨਾ ਚਾਹੁੰਦੀ ਹੈ। ਇਸ ਤਰ੍ਹਾਂ ਉਨ੍ਹਾਂ ਨੇ ਭਾਜਪਾ ਦੀਆਂ ਨੀਤੀਆਂ ਨੂੰ ਲੋਕਾਂ ਨਾਲ ਧੋਖਾ ਦੱਸਿਆ। ਧਾਲੀਵਾਲ ਨੇ ਇਹ ਬਿਆਨ ਇੱਕ ਪ੍ਰੈਸ ਕਾਨਫਰੰਸ ਦੌਰਾਨ ਦਿੱਤਾ।

ਵਿਧਾਇਕ ਧਾਲੀਵਾਲ ਨੇ ਆਖਿਆ ਕਿ ਭਾਜਪਾ ਵੱਲੋਂ ਲਿਆਂਦਾ ਗਿਆ ਮਹਿਲਾ ਰਾਖਵਾਂਕਰਨ ਬਿੱਲ ਵੀ ਲਾਗੂ ਕਰਨ ਵਿੱਚ ਦੇਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ ਨੂੰ ਤੁਰੰਤ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਔਰਤਾਂ ਨੂੰ ਉਨ੍ਹਾਂ ਦਾ ਹੱਕ ਮਿਲ ਸਕੇ। ਧਾਲੀਵਾਲ ਨੇ ਭਾਜਪਾ ਉੱਤੇ ਇਲਜ਼ਾਮ ਲਾਇਆ ਕਿ ਉਹ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਅਤੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਫਗਵਾੜਾ ਹਲਕੇ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਤੋਂ ਜਿੱਤੇ ਸਨ। ਉਨ੍ਹਾਂ ਨੇ ਆਪਣੇ ਨੇੜਲੇ ਹਰੀਫ ਆਪ ਦੇ ਜੋਗਿੰਦਰ ਸਿੰਘ ਮਾਨ ਨੂੰ ਹਰਾਇਆ ਸੀ। ਧਾਲੀਵਾਲ ਇੱਕ ਅਨੁਭਵੀ ਰਾਜਨੀਤੀਵਾਨ ਹਨ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਉਨ੍ਹਾਂ ਦਾ ਖਾਸ ਯੋਗਦਾਨ ਹੈ। ਉਨ੍ਹਾਂ ਨੇ ਆਪਣੀ ਰਾਜਨੀਤੀ ਵਿੱਚ ਹਮੇਸ਼ਾ ਲੋਕਾਂ ਦੇ ਮੁੱਦਿਆਂ ਨੂੰ ਉਭਾਰਿਆ ਹੈ।

ਇਸ ਵਾਰ ਧਾਲੀਵਾਲ ਨੇ ਭਾਜਪਾ ਉੱਤੇ ਇਲਜ਼ਾਮ ਲਾਇਆ ਕਿ ਉਹ ਜਾਤੀ ਜਨਗਣਨਾ ਤੋਂ ਭਾਗਣਾ ਚਾਹੁੰਦੀ ਹੈ ਤਾਂ ਜੋ ਉਸ ਨੂੰ ਰਾਜਨੀਤਿਕ ਫਾਇਦਾ ਹੋ ਸਕੇ। ਉਨ੍ਹਾਂ ਕਿਹਾ ਕਿ ਬਿਨਾਂ ਜਨਗਣਨਾ ਤੋਂ ਹੱਦਬੰਦੀ ਲੋਕਾਂ ਨਾਲ ਅਨਿਆਂ ਹੈ। ਇਸ ਤਰ੍ਹਾਂ ਭਾਜਪਾ ਆਪਣੀਆਂ ਰਾਜਨੀਤਿਕ ਰਣਨੀਤੀਆਂ ਲਈ ਲੋਕਾਂ ਦੇ ਹੱਕਾਂ ਨਾਲ ਖਿਲਵਾੜ ਕਰ ਰਹੀ ਹੈ। ਧਾਲੀਵਾਲ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਸ ਮੁੱਦੇ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਅਪੀਲ ਵੀ ਕੀਤੀ।

ਵਿਧਾਇਕ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਲੜਦੀ ਰਹੀ ਹੈ। ਉਨ੍ਹਾਂ ਨੇ ਭਾਜਪਾ ਵੱਲੋਂ ਲੋਕਾਂ ਨੂੰ ਧੋਖਾ ਦੇਣ ਵਾਲੀਆਂ ਨੀਤੀਆਂ ਦੀ ਨਿੰਦਾ ਕੀਤੀ। ਧਾਲੀਵਾਲ ਨੇ ਯਾਦ ਕਰਵਾਇਆ ਕਿ ਪਿਛਲੀਆਂ ਚੋਣਾਂ ਵਿੱਚ ਵੀ ਭਾਜਪਾ ਨੇ ਇਸ ਤਰ੍ਹਾਂ ਦੀਆਂ ਰਣਨੀਤੀਆਂ ਅਪਣਾਈਆਂ ਸਨ। ਉਨ੍ਹਾਂ ਕਿਹਾ ਕਿ ਲੋਕ ਇਸ ਵਾਰ ਭਾਜਪਾ ਦੀਆਂ ਚਾਲਾਂ ਨੂੰ ਸਮਝ ਚੁੱਕੇ ਹਨ।

ਫਗਵਾੜਾ ਖੇਤਰ ਵਿੱਚ ਧਾਲੀਵਾਲ ਵੱਲੋਂ ਲਏ ਗਏ ਵਿਕਾਸ ਕਾਰਜਾਂ ਬਾਰੇ ਵੀ ਚਰਚਾ ਹੋਈ। ਉਨ੍ਹਾਂ ਨੇ ਆਪਣੇ ਹਲਕੇ ਵਿੱਚ ਸੜਕਾਂ, ਬਿਜਲੀ ਅਤੇ ਪਾਣੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਯਤਨ ਕੀਤੇ ਹਨ। ਧਾਲੀਵਾਲ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੇ ਹਲਕੇ ਦੀ ਭਲਾਈ ਲਈ ਹਮੇਸ਼ਾ ਤਤਪਰ ਰਹਿਣਗੇ। ਉਨ੍ਹਾਂ ਨੇ ਭਾਜਪਾ ਨੂੰ ਚੁਣੌਤੀ ਵੀ ਦਿੱਤੀ ਕਿ ਉਹ ਲੋਕਾਂ ਸਾਹਮਣੇ ਆ ਕੇ ਆਪਣੀਆਂ ਨੀਤੀਆਂ ਦਾ ਜਵਾਬ ਦੇਵੇ।ਇਸ ਬਿਆਨ ਤੋਂ ਬਾਅਦ ਰਾਜਨੀਤਿਕ ਹਲਕਿਆਂ ਵਿੱਚ ਚਰਚਾ ਤੇਜ਼ ਹੋ ਗਈ ਹੈ। ਧਾਲੀਵਾਲ ਦਾ ਇਹ ਬਿਆਨ ਆਉਣ ਵਾਲੀਆਂ ਚੋਣਾਂ ਲਈ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਉਨ੍ਹਾਂ ਨੇ ਭਾਜਪਾ ਉੱਤੇ ਲਗਾਏ ਇਲਜ਼ਾਮਾਂ ਨੇ ਵਿਰੋਧੀ ਧਿਰ ਨੂੰ ਨਵੀਂ ਊਰਜਾ ਦਿੱਤੀ ਹੈ। ਲੋਕ ਇਸ ਮੁੱਦੇ ਉੱਤੇ ਵੱਖ-ਵੱਖ ਰਾਏ ਰੱਖ ਰਹੇ ਹਨ। ਕੁਝ ਲੋਕ ਧਾਲੀਵਾਲ ਦੀ ਗੱਲ ਨਾਲ ਸਹਿਮਤ ਹਨ ਤੇ ਕੁਝ ਇਸ ਨੂੰ ਰਾਜਨੀਤਿਕ ਬਿਆਨਬਾਜੀ ਦੱਸ ਰਹੇ ਹਨ।

## ਇੰਟਰ-ਪ੍ਰੋਫੈਸ਼ਨਲ ਕ੍ਰਿਕਟ ਟੂਰਨਾਮੈਂਟ 2026 ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਐਂਡ ਹਸਪਤਾਲ , ਫਰੀਦਕੋਟ ਵਿਖੇ ਆਯੋਜਿਤ



**ਫਰੀਦਕੋਟ, ਚੋਹਲਾ ਸਾਹਿਬ 17 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਫਰੀਦਕੋਟ ਐਸੋਸੀਏਸ਼ਨ ਆਫ ਮੈਡੀਕਲ ਸਟੂਡੈਂਟਸ (FAMS) ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਐਂਡ ਹਸਪਤਾਲ (GGSMCH), ਫਰੀਦਕੋਟ ਵਿਖੇ ਇੰਟਰ-ਪ੍ਰੋਫੈਸ਼ਨਲ ਕ੍ਰਿਕਟ ਟੂਰਨਾਮੈਂਟ 2026 ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਵੱਲੋਂ ਉਤਸ਼ਾਹਪੂਰਵਕ ਭਾਗ ਲਿਆ ਗਿਆ।

ਇਸ ਟੂਰਨਾਮੈਂਟ ਵਿੱਚ ਫੈਕਲਟੀ/ਸੀਨੀਅਰ ਰੈਜੀਡੈਂਟ ਡਾਕਟਰਾਂ/ਜੂਨੀਅਰ ਰੈਜੀਡੈਂਟ ਡਾਕਟਰਾਂ ਦੀਆਂ ਟੀਮ ਦੇ ਨਾਲ-ਨਾਲ ਬੈਚ 2020, 2022, 2023, 2024 ਅਤੇ 2025 ਦੀਆਂ ਟੀਮਾਂ ਨੇ ਭਾਗ ਲਿਆ। ਇਹ ਮੁਕਾਬਲਾ ਖਿਡਾਰੀਆਂ ਵਿੱਚ ਖੇਡ ਭਾਵਨਾ, ਟੀਮ ਵਰਕ ਅਤੇ ਸਿਹਤਮੰਦ ਪ੍ਰਤੀਯੋਗਤਾ ਨੂੰ ਉਤਸ਼ਾਹਿਤ ਕਰਨ ਵਿੱਚ ਸਫਲ ਰਿਹਾ।

ਟੂਰਨਾਮੈਂਟ ਵਿੱਚ ਫੈਕਲਟੀ/SR/JR ਟੀਮ ਨੇ ਜੇਤੂ ਦਾ ਖਿਤਾਬ ਆਪਣੇ ਨਾਮ ਕੀਤਾ। ਜੇਤੂ ਟੀਮ ਵਿੱਚ ਡਾ. ਸੁਮਿਤ ਜੈਨ, ਡਾ. ਗਗਨ ਭਗਤ, ਡਾ. ਅੰਸ਼ੁਲ ਦਾਹੂਜਾ, ਡਾ. ਅਮਨ ਸੇਠੀ, ਡਾ. ਕੇ.ਕੇ., ਡਾ. ਹਿਮਾਂਸ਼ੂ ਖੁਟਨ, ਡਾ. ਗੁਰਜੀਤ, ਡਾ. ਹਰਜੋਤ ਸਿੰਘ ਸਿੱਧੂ, ਡਾ. ਵਿਮਲ, ਡਾ. ਪਰਮਪ੍ਰੀਤ ਸੰਧੂ, ਡਾ. ਮਗਰਾਜ ਹੁਡਾ, ਡਾ. ਅਨੁਰਾਗ ਮਿਸ਼ਰਾ, ਡਾ. ਮੋਹਿਤ ਧੰਕਾਰ ਅਤੇ ਡਾ. ਜਗਦੀਪ ਸਿੰਘ ਸ਼ਾਮਲ ਸਨ।

ਰੱਨਰ-ਅੱਪ ਸਥਾਨ ਬੈਚ 2023 ਨੇ ਪ੍ਰਾਪਤ ਕੀਤਾ, ਜਿਸ ਵਿੱਚ ਵਿਵੇਕ ਮਿਸ਼ਰਾ, ਮਯੰਕ ਸ਼ਰਮਾ, ਰਾਜਤ ਤੇਤਰਵਾਲ, ਅਵਿਸ਼ ਬਾਵੇਜਾ, ਜਤਿਨ ਸਚਦੇਵਾ, ਅਨੁਜ ਰਾਵਤ, ਅਭਿਨਵ ਗਰਗ, ਅਗਮ ਕਟਾਰੀਆ, ਦਿਲਜੀਤ ਸੰਧੂ, ਮਨਵੀਰ ਸਿੰਘ, ਕਰਨਪ੍ਰੀਤ ਘੋਤਰਾ ਅਤੇ ਯਸ਼ ਕੁਮਾਰ ਸ਼ਾਮਲ ਸਨ।

ਤੀਜਾ ਸਥਾਨ ਸਾਂਝੇ ਤੌਰ 'ਤੇ ਬੈਚ 2020 ਅਤੇ ਬੈਚ 2025 ਵੱਲੋਂ ਹਾਸਲ ਕੀਤਾ ਗਿਆ।

ਵਿਅਕਤੀਗਤ ਪ੍ਰਦਰਸ਼ਨ ਲਈ ਵੀ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਮਯੰਕ ਸ਼ਰਮਾ (ਬੈਚ 2023) ਨੂੰ ਬੈਸਟ ਬੈਟਸਮੈਨ ਆਫ ਦ ਟੂਰਨਾਮੈਂਟ ਘੋਸ਼ਿਤ ਕੀਤਾ ਗਿਆ, ਜਦਕਿ ਡਾ. ਸੁਮਿਤ ਜੈਨ (ਪਲਾਸਟਿਕ ਸਰਜਰੀ) ਨੂੰ ਬੈਸਟ ਬੌਲਰ ਦਾ ਖਿਤਾਬ ਦਿੱਤਾ ਗਿਆ। ਪਲੇਅਰ ਆਫ ਦ ਟੂਰਨਾਮੈਂਟ ਦਾ ਸਨਮਾਨ ਵਿਵੇਕ ਮਿਸ਼ਰਾ (ਬੈਚ 2023) ਨੂੰ ਉਨ੍ਹਾਂ ਦੇ ਸ਼ਾਨਦਾਰ ਆਲਰਾਊਂਡ ਪ੍ਰਦਰਸ਼ਨ ਲਈ ਦਿੱਤਾ ਗਿਆ।

ਇਸ ਸਮਾਗਮ ਦਾ ਆਯੋਜਨ ਡਾ. ਕਵਿਤਾ ਸ਼ਰਮਾ (ਹੈੱਡ ਅਤੇ ਅਸਿਸਟੈਂਟ ਪ੍ਰੋਫੈਸਰ, ਫਿਜ਼ੀਕਲ ਐਜੂਕੇਸ਼ਨ) ਦੀ ਰਹਿਨੁਮਾਈ ਹੇਠ ਕੀਤਾ ਗਿਆ। ਆਯੋਜਕ ਕਮੇਟੀ ਵਿੱਚ ਡਾ. ਅਮਿਤ ਜੈਨ ਅਤੇ ਡਾ. ਹਿਮਾਂਸ਼ੂ ਖੁਟਨ (ਕ੍ਰਿਕਟ ਇੰਚਾਰਜ), ਵਿਵੇਕ ਕੁਮਾਰ ਮਿਸ਼ਰਾ (ਸਪੋਰਟਸ ਪ੍ਰੈਜ਼ੀਡੈਂਟ) ਅਤੇ ਰਾਜਤ ਤੇਤਰਵਾਲ (ਸਪੋਰਟਸ ਸਕੱਤਰ) ਸ਼ਾਮਲ ਸਨ। ਮੈਚਾਂ ਦੀ ਸੁਚੱਜੀ ਕਮੈਂਟਰੀ ਸ੍ਰੀ ਕਰਮਜੀਤ ਸਿੰਘ ਵੱਲੋਂ ਕੀਤੀ ਗਈ।

ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੇ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ, "ਇਸ ਤਰ੍ਹਾਂ ਦੇ ਖੇਡ ਸਮਾਗਮ ਨੌਜਵਾਨ ਸਿਹਤ ਪੇਸ਼ੇਵਰਾਂ ਵਿੱਚ ਤੰਦਰੁਸਤੀ, ਟੀਮ ਵਰਕ ਅਤੇ ਸੰਤੁਲਿਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੇ ਹਨ।"

ਟੂਰਨਾਮੈਂਟ ਦਾ ਸਮਾਪਨ ਉਤਸ਼ਾਹਪੂਰਵਕ ਮਾਹੌਲ ਵਿੱਚ ਹੋਇਆ, ਜਿਸ ਨਾਲ ਵਿਦਿਆਰਥੀਆਂ ਅਤੇ ਫੈਕਲਟੀ ਵਿੱਚ ਏਕਤਾ, ਭਰਾਤ੍ਰੀਭਾਵ ਅਤੇ ਉਤਕ੍ਰਿਸ਼ਟਤਾ ਦੀ ਭਾਵਨਾ ਨੂੰ ਹੋਰ ਮਜ਼ਬੂਤੀ ਮਿਲੀ।




## ਦੁੱਧ, ਘਿਓ ਅਤੇ ਪਨੀਰ ਦੇ 8 ਨਮੂਨੇ ਇਕੱਠੇ ਕੀਤੇ ਗਏ ਜੋ ਖਰੜ ਲੈਬ ਵਿੱਚ ਭੇਜੇ ਗਏ



**ਚੋਹਲਾ ਸਾਹਿਬ 17 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕੰਵਲ ਪ੍ਰੀਤ ਬਰਾੜ ਦੇ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਅਤੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਸੁਖਬੀਰ ਕੌਰ ਦੀ ਅਗਵਾਈ ਹੇਠ ਫੂਡ ਸੇਫਟੀ ਟੀਮ ਤਰਨਤਾਰਨ ਨੇ ਚੱਲ ਰਹੇ ਫੂਡ ਸੇਫਟੀ ਪੰਦਰਵਾੜੇ ਤਹਿਤ ਗਤੀਵਿਧੀਆਂ ਜਾਰੀ ਰੱਖੀਆਂ ਹਨ।ਪਿਛਲੇ ਤਿੰਨ ਦਿਨਾਂ ਵਿੱਚ ਫੂਡ ਸੇਫਟੀ ਟੀਮ ਤਰਨਤਾਰਨ ਨੇ ਸਥਾਨਕ ਤਰਨਤਾਰਨ, ਗੋਗੂਭੂਆ ਅਤੇ ਚੱਬਲ ਖੇਤਰ ਵਿੱਚ ਡੇਅਰੀਆਂ ਅਤੇ ਵੱਖ-ਵੱਖ ਫੂਡ ਆਉਟਲੈਟਾਂ ਦਾ ਨਿਰੀਖਣ ਕੀਤਾ ਅਤੇ ਦੁੱਧ, ਘਿਓ ਅਤੇ ਪਨੀਰ ਦੇ 8 ਨਮੂਨੇ ਇਕੱਠੇ ਕੀਤੇ ਗਏ ਜੋ ਖਰੜ ਲੈਬ ਵਿੱਚ ਭੇਜੇ ਗਏ ਸਨ ਅਤੇ ਸਾਰੇ FBOS ਨੂੰ ਸਫਾਈ ਬਣਾਈ ਰੱਖਣ ਅਤੇ ਬਚਣ ਮਿਲਾਵਟ ਤੇਲ ਦੀ ਰੀਫ੍ਰਾਈਗਿੰਗ ਭੋਜਨ ਦੀ ਦੁਰਘਟਨਾ ਨਾਲ ਹੋਣ ਵਾਲੀ ਦੂਸ਼ਿਤਤਾ ਅਤੇ ਪਕਾਏ ਹੋਏ ਭੋਜਨ ਦਾ ਸਹੀ ਤਾਪਮਾਨ ਬਣਾਈ ਰੱਖਣ ਖਾਣ ਪੀਣ ਦੀਆਂ ਚੀਜ਼ਾਂ ਨੂੰ ਢੱਕ ਕੇ ਰੱਖੋ ਅਤੇ FSW ਟੀਮ ਨੇ ਪੱਟੀ, ਭੋਜੀਆਂ ਗੱਗੂਭੂਆ, ਭੁਚਰ ਖੁਰਦ ਅਤੇ ਚੱਬਲ ਵਿੱਚ ਜਾਗਰੂਕਤਾ, ਸਿਖਲਾਈ ਅਤੇ ਟੈਸਟਿੰਗ ਜਾਰੀ ਰੱਖੀ ਅਤੇ ਜਾਗਰੂਕਤਾ ਅਤੇ ਸਿਖਲਾਈ ਲਈ ਸਕੂਲਾਂ ਦਾ ਦੌਰਾ ਕੀਤਾ। ਸਾਰੇ FBOS ਨੂੰ ਆਪਣੀ ਰਜਿਸਟ੍ਰੇਸ਼ਨ/ਲਾਈਸੈਂਸ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ।

## ਕੇ ਡੀ.ਇੰਟਰਨੈਸ਼ਨਲ ਸਕੂਲ ਵਿਖੇ ਕਰਵਾਇਆ ਸੁਖਮਨੀ ਸਾਹਿਬ ਜੀ ਦਾ ਪਾਠ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 17 ਅਪ੍ਰੈਲ ।**

ਕੇ. ਡੀ. ਇੰਟਰਨੈਸ਼ਨਲ ਸਕੂਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ ਗਿਆ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਵੀ ਕਰਵਾਇਆ ਗਿਆ। ਇਸ ਦੌਰਾਨ ਸਕੂਲ ਵਿੱਚ ਮੌਜੂਦਾ ਸਾਰੇ ਬੱਚਿਆਂ ਨੇ ਗੁਰੂ ਸਾਹਿਬ ਜੀ ਦੀ ਹਜ਼ਾਰੀ ਵਿੱਚ ਮੱਥਾ ਟੇਕ ਕੇ ਉਹਨਾਂ ਤੋਂ ਆਪਣੇ ਆਉਣ ਵਾਲੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਦੌਰਾਨ ਸਕੂਲ ਦੇ ਚੇਅਰਮੈਨ ਗੌਤਮ ਸੂਦ ਜੀ ਐਡਮਿਨ ਹੈਡ ਰਕੇਸ਼ ਬਾਂਸਲ ਜੀ ਅਤੇ ਪ੍ਰਿੰਸੀਪਲ ਮੈਡਮ ਸ੍ਰੀ ਮਤੀ ਪਰਮਜੀਤ ਕੌਰ ਵੀ ਹਾਜ਼ਰ ਸਨ। ਉਹਨਾਂ ਨੇ ਵੀ ਬੱਚਿਆਂ ਦੇ ਚੰਗੇ ਭਵਿੱਖ ਦੀ ਅਰਦਾਸ ਕੀਤੀ।



